PUNJAB VIDHAN SABHA

DEBATES

Tuesday, the 23rd December, 2014

(Morning Sitting)

Vol. IX– No. 2

OFFICIAL REPORT

CONTENTS

Punjab Vidhan Sabha Secretariat, Chandigarh

Price : Rs.________.

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਣ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
9)	ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ

10) ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
11) ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ
12) ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਅਤੇ ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
13) ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
14) ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15) ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਜਾਈ ਮੰਤਰੀ
17) ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
18) ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਸਿੰਚਾਈ
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
15)	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16)	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17)	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18)	ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19)	ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Tuesday, the 23rd December, 2014

(Morning Sitting)

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ । ਹਾਂ ਜੀ, ਸਰਦਾਰ ਇਕਬਾਲ ਸਿੰਘ ਝੂੰਦਾਂ ਜੀ। (ਵਿਘਨ)

(ਇਸ ਸਮੇਂ ਸਾਬਕਾ ਵਿਧਾਇਕ ਸਰਦਾਰ ਜਗਤਾਰ ਸਿੰਘ ਰਾਜਲਾ ਅਤੇ ਸਰਦਾਰ ਇੰਦਰਜੀਤ ਸਿੰਘ ਜੀਰਾ ਡੀ. ਬੀ. ਗੈਲਰੀ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੁੱਧ ** **ਨਾਹਰੇ ਲਗਾਉਣ ਲੱਗ ਪਏ ।)

Mr Speaker : No. No.

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜੀਰਾ ਅਤੇ ਸਰਦਾਰ ਜਗਤਾਰ ਸਿੰਘ ਰਾਜਲਾ, ਸਾਬਕਾ ਵਿਧਾਇਕ ਨੂੰ ਡੀ.ਬੀ. ਗੈਲਰੀ ਵਿੱਚ ਵਾਚ ਐਂਡ ਵਾਰਡ ਸਟਾਫ ਉਨ੍ਹਾਂ ਦੇ ਮੂੰਹ ਤੇ ਹੱਥ ਰੱਖ ਕੇ ਬੋਲਣ ਤੋਂ ਰੋਕ ਰਹੇ ਸਨ।)

ਮਾਨਯੋਗ ਸਪੀਕਰ : ਹਾਂ ਜੀ, ਮੁੱਖ ਮੰਤਰੀ ਸਾਹਿਬ।

(ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਜੀਰਾ ਅਤੇ ਸਰਦਾਰ ਜਗਤਾਰ ਸਿੰਘ ਰਾਜਲਾ, ਸਾਬਕਾ ਵਿਧਾਇਕ ਨੂੰ ਵਾਚ ਐਂਡ ਵਾਰਡ ਸਟਾਫ ਨੇ ਡੀ.ਬੀ. ਗੈਲਰੀ ਵਿਚੋਂ ਬਾਹਰ ਕੱਢ ਦਿੱਤਾ ।)

ਘਾਟੇ ਵਿੱਚ ਚੱਲ ਰਹੀਆਂ ਕੋਆਪਰੇਟਿਵ ਸੁਸਾਇਟੀਆਂ ਨੂੰ ਮੁਨਾਫੇ ਵਾਲੀਆਂ ਸੁਸਾਇਟੀਆਂ ਵਿੱਚ ਮਰਜ ਕਰਨਾ

*1638. **ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੀਆਂ ਲੰਬੇ ਸਮੇਂ ਤੋਂ ਘਾਟੇ ਵਿੱਚ ਚੱਲ ਰਹੀਆਂ ਐਗਰੀਕਲਚਰਲ ਕੋਆਪਰੇਟਿਵ ਸੁਸਾਇਟੀਆਂ ਦਾ ਘਾਟਾ ਹਰ ਸਾਲ ਵਧਦਾ ਜਾ ਰਿਹਾ ਹੈ, ਜੇਕਰ ਅਜਿਹਾ ਹੋਵੇ, ਤਾਂ ਕੀ ਕਿਸਾਨਾਂ ਨੂੰ ਸਹੂਲਤ ਦੇਣ ਲਈ ਉਕਤ ਸੁਸਾਇਟੀਆਂ ਨੂੰ ਮੁਨਾਫੇ ਵਿੱਚ ਚੱਲਣ ਵਾਲੀਆਂ ਸੁਸਾਇਟੀਆਂ ਵਿੱਚ ਮਰਜ਼ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ ?

** Expunged as ordered by chair.

ਸਰਦਾਰ ਪਰਕਾਸ਼ ਸਿੰਘ ਬਾਦਲ : ਨਹੀਂ ਜੀ ।

ਸਰਦਾਰ ਇਕਬਾਲ ਸਿੰਘ ਝੂੰਦਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤਾਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਮੈਂ ਸਵਾਲ ਲਿਖ ਕੇ ਭੇਜਿਆ ਸੀ, ਉਹ ਸਵਾਲ ਉਸ ਤਰ੍ਹਾਂ ਇਨ੍ਹਾਂ ਨੇ ਲਗਾਇਆ ਹੀ ਨਹੀਂ ਹੈ। ਮੈਂ ਲਿਖਿਆ ਸੀ ਕਿ ਜਿਹੜੀਆਂ ਕੋਆਪਰੇਟਿਵ ਸੁਸਾਇਟੀਆਂ ਘਾਟੇ ਵਿਚ ਚੱਲ ਰਹੀਆਂ ਹਨ, ਉਨ੍ਹਾਂ ਨੂੰ ਘਾਟੇ ਵਿੱਚੋਂ ਕੱਢਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ਤੇ ਜੇਕਰ ਉਸ ਤਰ੍ਹਾਂ ਦੀ ਕੋਈ ਗੱਲ ਨਹੀਂ ਬਣਦੀ ਤਾਂ ਫਿਰ ਇਨ੍ਹਾਂ ਨੂੰ ਦੂਜੀਆਂ ਸੁਸਾਇਟੀਆਂ ਵਿੱਚ ਮਰਜ਼ ਕੀਤਾ ਜਾਵੇ ਜੋ ਮੁਨਾਫੇ ਵਿੱਚ ਚੱਲ ਰਹੀਆਂ ਹਨ। ਇਹ ਦੋ ਕਿਸਮ ਦੇ ਸਵਾਲ ਸੀ ਪਰ ਇਨ੍ਹਾਂ ਨੇ ਪਹਿਲਾ ਪਾਰਟ ਕੱਟ ਹੀ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਗੇ ਤੋਂ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਸਵਾਲ ਸਹੀ ਰੂਪ ਵਿੱਚ ਲਗਾਏ ਜਾਣ ।

ਮਾਨਯੋਗ ਸਪੀਕਰ : ਤੁਹਾਡਾ ਸਵਾਲ ਇਸੇ ਤਰ੍ਹਾਂ ਹੀ ਹੈ।

ਸਰਦਾਰ ਇਕਬਾਲ ਸਿੰਘ ਝੂੰਦਾਂ : ਨਹੀਂ ਸਰ। ਮਾਨਯੋਗ ਮੁੱਖ ਮੰਤਰੀ ਸਾਹਿਬ ਕੋਲ ਇਹ ਮਹਿਕਮਾ ਹੈ । ਮੇਰਾ ਸਵਾਲ ਇਹ ਸੀ ਕਿ ਇਨ੍ਹਾਂ ਦਾ ਘਾਟਾ ਵੱਧਦਾ ਜਾ ਰਿਹਾ ਹੈ ਤੇ ਘਾਟੇ ਵਿਚੋਂ ਕੱਢਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਨੇ ਘਾਟੇ ਵਿਚੋਂ ਕੱਢਣ ਵਾਲੀ ਗੱਲ ਕੱਟ ਦਿੱਤੀ ਤੇ ਮਰਜ਼ ਕਰਨ ਵਾਲੀ ਗੱਲ ਰੱਖ ਲਈ ।

ਮਾਨਯੋਗ ਸਪੀਕਰ : ਘਾਟਾ ਤਾਂ ਹਰ ਸਾਲ ਵੱਧਦਾ ਜਾ ਰਿਹਾ ਹੈ।

ਸਰਦਾਰ ਇਕਬਾਲ ਸਿੰਘ ਝੂੰਦਾਂ : ਨਹੀਂ ਸਰ, ਜਿਹੜਾ ਸਵਾਲ ਐਡਮਿਟ ਹੋਇਆ ਹੈ ਉਹ ਮੇਰੇ ਕੋਲ ਹੈ ਉਸ ਦੀ ਕਾਪੀ ਵੀ ਮੈਂ ਤੁਹਾਨੂੰ ਦੇ ਸਕਦਾ ਹਾਂ। ਇਸ ਕਰਕੇ ਪਲੀਜ਼ ਅੱਗੇ ਤੋਂ ਧਿਆਨ ਰੱਖਿਆ ਜਾਵੇ । ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਕਿਸਾਨੀ ਹਿਤਾਂ ਬਾਰੇ ਸਾਰਿਆਂ ਤੋਂ ਬਿਹਤਰ ਜਾਣਦੇ ਹਨ। ਇਹ ਵੀ ਸਾਡੀ ਖੁਸ਼ਕਿਸ਼ਮਤੀ ਹੈ ਕਿ ਇਹ ਮਹਿਕਮਾ ਉਨ੍ਹਾਂ ਕੋਲ ਹੈ। ਮੈਂ ਇਕ ਦੋ ਗੱਲਾਂ ਕਰਕੇ ਆਪਣੀ ਬੇਨਤੀ ਸਮਾਪਤ ਕਰਨਾ ਚਾਹੁੰਦਾ ਹਾਂ। ਮੁੱਖ ਮੰਤਰੀ ਸਾਹਿਬ ਮੈਂ ਆਪਣੀ ਸਬ ਡਵੀਜ਼ਨ ਦੀ ਗੱਲ ਕਰਦਾ ਹਾਂ ਤੇ ਉਥੇ 49 ਸੁਸਾਇਟੀਆਂ ਹਨ ਜਿਨ੍ਹਾਂ ਵਿਚੋਂ 11 ਸੁਸਾਇਟੀਆਂ ਬਹੁਤ ਵੱਡੇ ਘਾਟੇ ਵਿਚ ਚਲ ਰਹੀਆਂ ਹਨ । ਉਸ ਦਾ ਸਭ ਨਾਲੋਂ ਮੇਜਰ ਕਾਰਨ ਜਿਹੜਾ ਹੈ, ਉਹ ਗਬਨ ਹੈ ਜਿਹੜਾ ਮੁਲਾਜ਼ਮਾਂ ਵੱਲੋਂ ਕੀਤਾ ਜਾਂਦਾ ਹੈ। ਮੁਲਾਜ਼ਮਾਂ ਵੱਲੋਂ ਕੀਤੇ ਗਏ ਗਬਨ ਦਾ

ਜਿਹੜਾ ਸੰਤਾਪ ਹੈ ਉਹ ਕਿਸਾਨ ਭੁਗਤਦੇ ਹਨ ਤੇ ਸੁਸਾਇਟੀਆਂ ਫੇਲ੍ਹ ਹੋ ਜਾਂਦੀਆਂ ਹਨ । ਇਸ ਕਰਕੇ ਜਿਹੜਾ ਮੁਲਾਜ਼ਮਾਂ ਦੇ ਗਬਨ ਕਾਰਨ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ ਉਸ ਦੀ ਭਰਪਾਈ ਸਰਕਾਰ ਨੂੰ ਕਰਨੀ ਚਾਹੀਦੀ ਹੈ ਜਾਂ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਤਰ੍ਹਾਂ ਦੇ ਫਰਾਡ ਨਾ ਹੋਣ ਜਿਸ ਕਰਕੇ ਕਿਸਾਨ ਸੰਤਾਪ ਭੁਗਤਣ । ਦੂਸਰੀ ਮੇਰੀ ਬੇਨਤੀ ਇਹ ਹੈ ਕਿ ਹਰ ਸੁਸਾਇਟੀ ਯੂਰੀਆ, ਡੀ.ਏ.ਪੀ. ਔਰ ਦਵਾਈਆਂ ਮਾਰਕਫੈੱਡ ਰਾਹੀਂ ਖਰੀਦ ਰਹੀ ਹੈ। ਜੇਕਰ ਅਸੀਂ ਮਾਰਕਫੈੱਡ ਰਾਹੀਂ ਇਫਕੋ ਤੋਂ ਖਰੀਦ ਕਰਦੇ ਹਾਂ ਤਾਂ ਮਾਰਕਫੈੱਡ ਦਾ ਜਿਹੜਾ ਕਮਿਸ਼ਨ ਹੈ, ਉਹ 5/- ਰੁਪਏ ਯੂਰੀਏ ਉੱਤੇ ਹੈ ਤੇ ਸਾਢੇ ਛੇ ਰੁਪਏ ਡੀ.ਏ.ਪੀ. ਤੇ ਹੈ। ਸੋ, ਜਿਹੜੀਆਂ ਘੱਟ ਤੋਂ ਘੱਟ ਘਾਟੇ ਵਾਲੀਆਂ ਸੁਸਾਇਟੀਆਂ ਹਨ ਉਨ੍ਹਾਂ ਨੂੰ ਸਿੱਧੇ ਹੀ ਇਫਕੋ ਤੋਂ ਖਰੀਦਣ ਦੀ ਇਜਾਜ਼ਤ ਦਿੱਤੀ ਜਾਵੇ ਔਰ ਇਸ ਨਾਲ ਹਰ ਸੁਸਾਇਟੀ ਨੂੰ ਘੱਟ ਤੋਂ ਘੱਟ ਦੋ ਤੋਂ ਢਾਈ ਲੱਖ ਰੁਪਿਆ ਅਤੇ ਵੱਡੀਆਂ ਸੁਸਾਇਟੀਆਂ ਨੂੰ ਤਿੰਨ ਤੋਂ ਚਾਰ ਲੱਖ ਰੁਪਿਆ ਪ੍ਰਤੀ ਸਾਲ ਕਮਿਸ਼ਨ ਦਾ ਫਰਕ ਪਵੇਗਾ। ਇਸ ਤਰ੍ਹਾਂ ਉਨ੍ਹਾਂ ਸੁਸਾਇਟੀਆਂ ਦਾ ਘਾਟਾ ਚਾਰ ਪੰਜ ਸਾਲ ਵਿਚ ਪੂਰਾ ਹੋ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਮਾਰਕੀਟ ਵੈਲਿਊ ਵੀ ਠੀਕ ਆਵੇਗੀ। ਇਸ ਤੋਂ ਇਲਾਵਾ ਦਵਾਈਆਂ ਦੀ ਕੰਪਨੀ ਸੰਗੋਟਾ ਹੈ, ਜਦੋਂ ਬਜ਼ਾਰ ਵਿੱਚ ਇਸ ਦਵਾਈ ਨੂੰ ਖਰੀਦਣ ਜਾਂਦੇ ਹਾਂ ਤਾਂ ਇਹ 1900 ਰੁਪਏ ਜਾਂ 2000 ਰੁਪਏ ਦੀ ਮਿਲਦੀ ਹੈ ਪਰੰਤੂ ਸੁਸਾਇਟੀਆਂ ਨੂੰ ਇਹ ਦਵਾਈ 2250 ਰੁਪਏ ਜਾਂ 2300 ਰੁਪਏ ਦੀ ਮਿਲਦੀ ਹੈ ਕਿਉਂਕਿ ਜਦੋਂ ਇਹ ਮਾਰਕਫੈੱਡ ਰਾਹੀਂ ਖ਼ਰੀਦੀ ਜਾਂਦੀ ਹੈ ਤਾਂ ਇਸ ਵਾਸਤੇ ਕਮਿਸ਼ਨ ਤੈਅ ਕੀਤੇ ਜਾਂਦੇ ਹਨ। ਇਸ ਕਿਸਮ ਦੀਆਂ ਜਿਹੜੀਆਂ ਊਣਤਾਈਆਂ ਹਨ...

ਮਾਨਯੋਗ ਸਪੀਕਰ : ਝੂੰਦਾਂ ਜੀ, ਤੁਸੀਂ ਕੁਐਸਚਨ ਪੁੱਟ ਕਰੋ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਰ, ਮੈਂ ਕਰ ਰਿਹਾ ਹਾਂ। ਮੁੱਖ ਮੰਤਰੀ ਸਾਹਿਬ ਸਾਰਾ ਕੁਝ ਕਰਨ ਦੇ ਸਮਰੱਥ ਹਨ ਅਤੇ ਇਨ੍ਹਾਂ ਗੱਲਾਂ ਨੂੰ ਬਰੀਕੀ ਨਾਲ ਸਮਝਦੇ ਵੀ ਹਨ। ਮੇਰੀ ਰਿਕੁਐਸਟ ਹੈ ਕਿ ਇਨ੍ਹਾਂ ਗੱਲਾਂ ਨੂੰ ਬਰੀਕੀ ਵਿੱਚ, ਧਿਆਨ ਵਿੱਚ ਰੱਖ ਕੇ ਹੀ ਉਨ੍ਹਾਂ ਘਾਟੇ ਵਾਲੀਆਂ ਸੁਸਾਇਟੀਆਂ ਨੂੰ ਮੁਨਾਫ਼ੇ ਵਿੱਚ ਲਿਆਂਦਾ ਜਾਵੇ ਅਤੇ ਜਿਹੜੇ ਬੈਂਕ ਇਨ੍ਹਾਂ ਨੂੰ ਵਿਆਜ-ਦਰ-ਵਿਆਜ ਪਾ ਕੇ ਘਾਟੇ ਵਿੱਚ ਪਾ ਰਹੇ ਹਨ, ਉਹ ਵਿਆਜ ਦਰ ਵੀ ਇਨ੍ਹਾਂ ਸੁਸਾਇਟੀਆਂ ਦੀ ਘੱਟੋ-ਘੱਟ ਮਾਫ਼ ਕੀਤੀ ਜਾਵੇ।

Mr. Speaker : Thank you.

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੇਰੀ ਬਾਦਲ ਸਾਹਿਬ ਨੂੰ ਰਿਕੁਐਸਟ ਹੈ ਕਿ ਉਹ ਇਸ ਤਰ੍ਹਾਂ ਦਾ ਕੋਈ ਪ੍ਰਾਵਧਾਨ ਕਰਨ ਤਾਂ ਕਿ ਇਨ੍ਹਾਂ ਸੁਸਾਇਟੀਆਂ ਦਾ ਬਚਾਅ ਹੋ ਸਕੇ। ਧੰਨਵਾਦ।

ਮੁੱਖ ਮੰਤਰੀ : ਸਪੀਕਰ ਸਾਹਿਬ, ਐਮ.ਐਲ.ਏ. ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਜਿਹੜੀਆਂ ਘਾਟੇ ਵਾਲੀਆਂ ਸੁਸਾਇਟੀਆਂ ਹਨ, ਉਨ੍ਹਾਂ ਨੂੰ ਬਚਾਇਆ ਜਾਵੇ। ਇਨ੍ਹਾਂ ਸੁਸਾਇਟੀਆਂ ਨੂੰ ਘਾਟੇ ਵਿੱਚ ਜਾਣ ਤੋਂ ਬਚਾਉਣ ਲਈ ਅਸੀਂ ਤਰੀਕੇ ਵਰਤ ਰਹੇ ਹਾਂ। ਆਮਦਨ ਦੇ ਸਾਧਨਾਂ ਨੂੰ ਵਧਾਉਣ ਲਈ ਅਤੇ ਕਾਰੋਬਾਰ ਨੂੰ ਵਧਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਐਗਰੋ ਸੈਂਟਰ ਵੀ ਸੁਸਾਇਟੀਆਂ ਨੂੰ ਦਿੱਤੇ ਹਨ ਜੇਕਰ ਉਸ ਨਾਲ ਵੀ ਉਹ ਥੋੜ੍ਹਾ ਬਹੁਤ ਵਾਧਾ ਕਰ ਲੈਣ ਤਾਂ ਉਸ ਨਾਲ ਵੀ ਕਿਸੇ ਪ੍ਰਕਾਰ ਦੀ ਕਮੀ ਦੂਰ ਹੋ ਸਕਦੀ ਹੈ। ਇਨ੍ਹਾਂ ਨੇ ਇਹ ਵੀ ਠੀਕ ਕਿਹਾ ਹੈ ਕਿ ਖੇਤਰੀ ਅਧਿਕਾਰੀਆਂ ਨੂੰ ਗਬਨਾਂ ਦੀ ਵਸੂਲੀ ਵਿੱਚ ਵਾਧਾ ਅਤੇ ਗਬਨਾਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਔਰ ਇਹ ਕੀਤੀਆਂ ਵੀ ਗਈਆਂ ਹਨ। ਅੱਗੇ ਵਾਸਤੇ ਖੇਤਰੀ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਮੈਂਬਰਾਂ ਤੋਂ ਕਰਜ਼ੇ ਦੀ ਵਸੂਲੀ ਵੱਲ ਖਾਸ ਧਿਆਨ ਦਿੱਤਾ ਜਾਵੇ। ਇਹ ਚਾਰ ਸੁਝਾਅ ਦਿੱਤੇ ਗਏ ਹਨ। ਸਪੀਕਰ ਸਾਹਿਬ, ਇਹ ਸੁਸਾਇਟੀ ਹੈ, ਕਦੇ ਇਹ ਉੱਪਰ ਆ ਜਾਂਦੀ ਹੈ ਅਤੇ ਕਦੇ ਘਾਟੇ ਵਿੱਚ ਆ ਜਾਂਦੀ ਹੈ ਲੇਕਿਨ ਜੋ ਤਜਵੀਜ਼ਾਂ ਮੈਂਬਰ ਸਾਹਿਬ ਨੇ ਦਿੱਤੀਆਂ ਹਨ, ਇਨ੍ਹਾਂ ਤੇ ਜ਼ਰੂਰ ਗੌਰ ਕੀਤਾ ਜਾਵੇਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇਹ ਬੜਾ ਅਹਿਮ ਸਵਾਲ ਹੈ ਅਤੇ ਕਿਸਾਨੀ ਨਾਲ ਜੁੜਿਆ ਹੋਇਆ ਸਵਾਲ ਸਾਡੇ ਭਰਾ ਨੇ ਕੀਤਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ...

ਮਾਨਯੋਗ ਸਪੀਕਰ : ਬੇਨਤੀ ਨਹੀਂ ਜੀ, ਸਪਲੀਮੈਂਟਰੀ ਪੁੱਛੋ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ ਕਿ ਸੁਸਾਇਟੀਆਂ ਨੂੰ ਕਰਜ਼ੇ ਤੋਂ ਮੁਕਤ ਕਰੋ। ਕੁਝ ਬੰਦਿਆਂ ਨੇ ਉਸ ਵਿੱਚ ਅਜਿਹਾ ਗਲਬਾ ਬਣਾਇਆ ਹੋਇਆ ਹੈ ਕਿ 20-20 ਸਾਲ ਤੋਂ ਉਹ ਲਗਾਤਾਰ ਪ੍ਰਧਾਨ ਚਲੇ ਆ ਰਹੇ ਹਨ ਅਤੇ ਕਿਸੇ ਦੂਸਰੇ ਨੂੰ ਬਣਨ ਨਹੀਂ ਦਿੰਦੇ। ਉਨ੍ਹਾਂ ਨੇ ਆਪਣਾ ਬਿਜ਼ਨਸ ਬਣਾਇਆ ਹੋਇਆ ਹੈ ਜਿਸ ਕਰਕੇ ਇਹ

ਸੁਸਾਇਟੀਆਂ ਕਿਸੇ ਦੇ ਭਲੇ ਲਈ ਸਾਬਤ ਨਹੀਂ ਹੋ ਰਹੀਆਂ । ਇਨ੍ਹਾਂ ਨੂੰ ਪੁਲੀਟੀਕਲ ਸਿਸਟਮ ਤੋਂ ਵੀ ਮੁਕਤ ਕਰਵਾਉਣ ਦੀ ਲੋੜ ਹੈ । ਇਸ ਕਰਕੇ ਇਸ ਨੂੰ ਪੁਲੀਟੀਕਲ ਸਿਸਟਮ ਤੋਂ ਵੀ ਮੁਕਤ ਕਰਵਾਇਆ ਜਾਵੇ ।

ਨਿਸ਼ਾਨ ਵਾਲਾ ਪ੍ਰਸ਼ਨ ਨੰ.: 1660*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਨੈਕਸਟ ਕੁਐਸਚਨ, ਸਰਦਾਰ ਜੋਗਿੰਦਰ ਸਿੰਘ ਜਿੰਦੂ।

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਮੈਂ ਇਸ ਪ੍ਰਸ਼ਨ ਬਾਰੇ ਗੱਲ ਕਰਨੀ ਚਾਹੁੰਦੀ ਹਾਂ।

ਮਾਨਯੋਗ ਸਪੀਕਰ : ਬੀਬੀ ਜੀ, ਪਹਿਲਾਂ ਗੱਲ ਕਰਨੀ ਸੀ। ਤੁਸੀਂ ਲੇਟ ਹੋ।

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਇਹ ਬਹੁਤ ਜ਼ਰੂਰੀ ਕੁਐਸਚਨ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਲੇਟ ਹੋ। ਮੈਂ ਹੁਣ ਅਗਲੇ ਕੁਐਸਚਨ ਤੇ ਚਲਾ ਗਿਆ ਹਾਂ, ਜਿਸ ਦੀ ਐਕਸਟੈਂਨਸ਼ਨ ਮੰਗੀ ਗਈ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, 31 ਲੱਖ ਪੀਲੇ ਕਾਰਡ ਬਣਨੇ ਹਨ।

ਮਾਨਯੋਗ ਸਪੀਕਰ : ਜਾਖੜ ਜੀ, ਮੇਰੀ ਬੇਨਤੀ ਸੁਣੋ। ਜੇਕਰ ਇਹ ਪਹਿਲੇ ਮੈਂਬਰ ਸਾਹਿਬ ਦੇ ਬੋਲਣ ਤੋਂ ਤੁਰੰਤ ਬਾਅਦ ਖੜ੍ਹੇ ਹੋ ਜਾਂਦੇ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਐਕਸਟੈਂਨਸ਼ਨ ਦੇਣ ਦੀ ਕੋਈ ਵਜ੍ਹਾ ਤਾਂ ਦੇ ਦਿਓ।

ਮਾਨਯੋਗ ਸਪੀਕਰ : ਨਹੀਂ ਜੀ। ਇਸ ਦੀ ਐਕਸਟੈਂਨਸ਼ਨ ਆ ਗਈ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਗਰੀਬਾਂ ਦਾ ਇਸ਼ੂ ਹੈ। It is

---

*For Starred Question No. 1660 and reply thereto, please see Appendix to this debates.

[ਸ਼੍ਰੀ ਸੁਨੀਲ ਜਾਖੜ]

not a small issue. ਤੁਸੀਂ ਕਹਿ ਰਹੇ ਹੋ ਲੇਟ ਹੋ ਗਏ। ਲੇਟ ਕਿਸ ਤਰ੍ਹਾਂ ਹੋ ਗਏ ?

ਮਾਨਯੋਗ ਸਪੀਕਰ : ਤੁਸੀਂ ਸਮਝੇ ਨਹੀਂ। ਮੈਂ ਅਗਲੇ ਕੁਐਸਚਨ ਤੇ ਆ ਗਿਆ ਹਾਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅੱਗੇ ਜਾਣ ਤੋਂ ਪਹਿਲਾਂ you have to convince the Member. We expect better treatment from you. It is a very serious issue.

ਮਾਨਯੋਗ ਸਪੀਕਰ : ਮੈਂ ਸਮਝਿਆ ਸੀ ਕਿ ਇਹ ਪਿਛਲੇ ਕੁਐਸਚਨ ਦੀ ਗੱਲ ਕਰ ਰਹੇ ਹਨ।

ਸ਼੍ਰੀ ਸੁਨੀਲ ਜਾਖੜ : ਚਲੋ, ਹੁਣ ਸੁਧਾਰ ਕਰ ਲਓ। ਹੁਣ ਕੀ ਵਿਗੜਿਆ ਹੈ?

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀਮਤੀ ਪਰਨੀਤ ਕੌਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਨਹੀਂ ਜੀ। ਇਸ ਦੀ ਐਕਸਟੈਂਨਸ਼ਨ ਆ ਗਈ ਹੈ।

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਇਹ ਜ਼ਰੂਰਤਮੰਦ ਲੋਕਾਂ ਲਈ ਰਾਸ਼ਨ ਕਾਰਡ ਦਾ ਮਸਲਾ ਹੈ ਅਤੇ ਇਹ ਸਿਸਟਮ ਅੱਛੇ ਤਰੀਕੇ ਨਾਲ ਨਹੀਂ ਚੱਲ ਰਿਹਾ। ਅਸੀਂ ਚਾਹੁੰਦੇ ਹਾਂ ਕਿ .....

ਮਾਨਯੋਗ ਸਪੀਕਰ : ਬੀਬੀ ਜੀ, ਮੈਂ ਤੁਹਾਡਾ ਕੁਐਸਚਨ ਦੇਖਿਆ ਸੀ, ਇਹ ਕਾਫ਼ੀ ਲੈਂਥੀ ਸੀ। ਜਿਸ ਦਾ ਜਵਾਬ ਇਮੀਜੀਏਟਲੀ ਤਿਆਰ ਨਹੀਂ ਹੋ ਸਕਦਾ ਸੀ।

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਇਹ ਤਾਂ ਬੜਾ ਸਿੰਪਲ ਜਿਹਾ ਸਵਾਲ ਸੀ। ਇਸ ਦਾ ਅਸੀਂ ਹੋਰ ਤੁਹਾਡੇ ਦੁਆਰਾ ਕੀ ਜਵਾਬ ਮੰਗ ਸਕਦੇ ਹਾਂ?

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਸ ਦਾ ਜਵਾਬ ਦੇਣ ਲਈ ਕਿੰਨਾ ਟਾਈਮ ਚਾਹੀਦਾ ਹੈ? ਐਕਸਟੈਂਨਸ਼ਨ ਦੇਣ ਤੋਂ ਪਹਿਲਾਂ ਟਾਈਮ ਦੱਸਿਆ ਕਰੋ। Sir, you are the custodian of the House.

ਮਾਨਯੋਗ ਸਪੀਕਰ : ਜਾਖੜ ਸਾਹਿਬ, ਅਗਰ ਤੁਹਾਡਾ ਕੁਐਸਚਨ ਲੈਂਥੀ ਹੋਵੇ ਤਾਂ ਫਿਰ ਮੈਂ ਕੀ ਕਰ ਸਕਦਾ ਹਾਂ?

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਤੁਸੀਂ ਇਹ ਕੁਐਸਚਨ ਲਿਸਟ ਵਿੱਚ ਅਲਾਉ ਕਰ ਦਿੱਤਾ ਹੈ, ਫਿਰ ਇਸ ਦਾ ਜਵਾਬ ਦੇਣਾ ਵੀ ਜ਼ਰੂਰੀ ਬਣਦਾ ਹੈ। (ਵਿਘਨ)

ਮਾਨਯੋਗ ਸਪੀਕਰ : ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਪਰ ਕੁਐਚਸਨ ਇਹ ਹੈ ਕਿ ਜਦੋਂ ਤੁਸੀਂ ਇਸ ਪ੍ਰਸ਼ਨ ਰਾਹੀਂ ਇਨਫਰਮੇਸ਼ਨ ਹੀ ਇੰਨੀ ਲੰਬੀ ਚੌੜੀ ਮੰਗ ਲਈ ਜਿਸ ਦਾ ਅੱਜ ਹੀ ਜਵਾਬ ਦੇਣਾ ਮਹਿਕਮੇ ਲਈ ਔਖਾ ਹੋ ਗਿਆ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ 31 ਲੱਖ ਪਰਿਵਾਰਾਂ ਨਾਲ ਸਬੰਧਿਤ ਮਸਲਾ ਹੈ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਮੇਰੀ ਗੱਲ ਤਾਂ ਸੁਣ ਲਵੋ। (ਵਿਘਨ) You are wasting your time.

ਸ਼੍ਰੀਮਤੀ ਪਰਨੀਤ ਕੌਰ : ਇਸ ਦਾ ਜਵਾਬ ਸਾਨੂੰ ਚਾਹੀਦਾ ਹੈ।

ਮਾਨਯੋਗ ਸਪੀਕਰ : ਐਕਸਟੈਂਨਸ਼ਨ ਉਦੋਂ ਗਰਾਂਟ ਹੁੰਦੀ ਹੈ ਜਦੋਂ ਸਵਾਲ ਦਾ ਜਵਾਬ ਦੇਣ ਲਈ ਹੋਰ ਸਮੇਂ ਦੀ ਲੋੜ ਹੋਵੇ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਸਰਦਾਰ ਬਲਬੀਰ ਸਿੰਘ ਸਿੱਧੂ : ** **

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ ਜੀ। ਜਿਹੜੇ ਕੁਐਸਚਨ ਦਾ ਜਵਾਬ ਲੈਂਥੀ ਹੁੰਦਾ ਹੈ,....... (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਨਹੀਂ ਜੀ। (ਵਿਘਨ) This should be expunged.

** Expunged/Not recorded as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਗਰੀਬਾਂ ਦਾ ਇਸ਼ੂ ਹੈ, 31 ਲੱਖ ਪਰਿਵਾਰਾਂ ਦਾ ਮਸਲਾ ਹੈ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣ ਰਹੇ । (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਮਾਨਯੋਗ ਸਪੀਕਰ : ਜਾਖੜ ਸਾਹਿਬ, ਮੈਂ ਤੁਹਾਡੀ ਗੱਲ ਸੁਣ ਲਈ ਹੈ। ਪ੍ਰਾਬਲਮ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਕੁਐਸਚਨ ਕੀਤਾ ਹੈ, ਇਸ ਦੀ ਇਨ੍ਹਾਂ ਨੇ ਜੋ ਇਨਫਰਮੇਸ਼ਨ ਮੰਗੀ ਹੈ, ਉਹ ਮਹਿਕਮੇ ਵਲੋਂ ਅੱਜ ਦਿੱਤੀ ਨਹੀਂ ਸੀ ਜਾ ਸਕਦੀ । (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ** ** ਨਾਹਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ : ** ** ਨਾਹਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ)(ਸ਼ੋਰ)

ਖੁਰਾਕ ਤੇ ਸਿਵਲ ਸਪਲਾਈ ਮੰਤਰੀ (ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿਹੜਾ ਸਵਾਲ ਪੁੱਛਿਆ ਗਿਆ ਹੈ, ਉਸ ਵਿੱਚ ਇਹ ਥੋੜ੍ਹੀ ਜਿਹੀ ਗਲਤੀ ਕਰ ਗਏ ਹਨ। ਇਨ੍ਹਾਂ ਨੇ ਸਾਲ 2013 ਲਿਖਣਾ ਸੀ ਪਰ ਸਵਾਲ ਵਿੱਚ ਸਾਲ 2014 ਲਿਖ ਦਿੱਤਾ ਗਿਆ ਹੈ। ਦਰਅਸਲ ਸਾਲ 2014 ਵਿੱਚ ਕੋਈ ਐਪਲੀਕੇਸ਼ਨ ਇਨਵਾਈਟ ਹੀ ਨਹੀਂ ਹੋਈ। ਜਿਹੜੀਆਂ ਇਹ ਐਪਲੀਕੇਸ਼ਨਾਂ ਹੁੰਦੀਆਂ ਹਨ, ਉਨ੍ਹਾਂ ਨੂੰ ਏ.ਡੀ.ਸੀ./ਜਨਰਲ ਐਡਮਨਿਸਟ੍ਰੇਸ਼ਨ ਇਨਵਾਈਟ ਕਰਦੇ ਹਨ, ਅਸੀਂ ਨਹੀਂ ਕਰਦੇ। But as abundant caution ਕਿਉਂਕਿ ਬੀਬੀ ਜੀ ਨੇ ਪਹਿਲਾ ਕੁਐਸਚਨ ਪੁੱਛਿਆ ਸੀ ਅਤੇ ਮੈਂ ਇਹ ਨਹੀਂ ਕਹਿਣਾ ਚਾਹੁੰਦਾ ਸੀ ਕਿ ਇਹ ਸਾਡੇ ਮਹਿਕਮੇ ਦਾ ਨਹੀਂ ਹੈ। ਅਸੀਂ ਫਿਰ ਵੀ abundant caution ਲਈ ਡੀ.ਸੀਜ਼ ਨੂੰ ਪੁੱਛਿਆ ਕਿ ਜੇ ਤੁਸੀਂ ਕੋਈ ਐਪਲੀਕੇਸ਼ਨ ਇਨਵਾਈਟ ਕੀਤੀ ਹੈ ਤਾਂ ਸਾਨੂੰ ਰਿਕਾਰਡ ਦੇ

** Not recorded as ordered by the Chair.

ਦਿਉ। Nobody is running away from it. It is just this that on the Floor of the House, one does not want to give any information which may subsequently prove wrong by some small numbers. Technically the answer was that no application has been invited in 2014. ਐਪਲੀਕੇਸ਼ਨਾਂ ਬਕਾਇਦਾ ਨਵੰਬਰ, 2013 ਵਿੱਚ ਇਨਵਾਈਟ ਹੋਈਆਂ ਸੀ, ਅਖਬਾਰ ਵਿੱਚ ਖਬਰ ਲੱਗੀ ਸੀ। ਉਨ੍ਹਾਂ ਦਾ ਪ੍ਰੋਸੈਸ ਕੀਤਾ ਗਿਆ ਸੀ। ਪ੍ਰੋਸੈਸ ਹੋ ਕੇ ਜਦੋਂ ਸਾਰੇ ਡੀ.ਸੀਜ਼ ਤੋਂ ਰਿਕਾਰਡ ਆ ਗਿਆ ਸੀ, ਉਸ ਤੋਂ ਬਾਅਦ ਅਸੀਂ ਕੰਮ ਸ਼ੁਰੂ ਕਰਨ ਲਈ ਪ੍ਰੋਗਰਾਮ ਸ਼ੁਰੂ ਕੀਤਾ। ਜੇ ਮੈਂ question read ਕਰਾਂ ਤਾਂ ਉਹ ਇਹ ਹੈ ਕਿ–

"Will the Food and Civil Supplies Minister be pleased to state: - (a) whether it is a fact that fresh applications were invited during the year 2014" Sir, the answer is actually no. ਕੁਐਸਚਨ ਆਇਆਂ ਨੂੰ ਦੋ ਦਿਨ ਹੋਏ ਹਨ, ਪਰ ਫਿਰ ਵੀ ਮੈਂ ਸਾਰੇ ਡੀ.ਸੀਜ਼ ਨੂੰ ਪੁੱਛ ਰਿਹਾ ਹਾਂ and within next three-four days, I will give a complete answer to it. (ਵਿਘਨ, ਸ਼ੋਰ)

Mr. Speaker: Please. No. Reason has come. No please. I have gone to next question. Sardar Joginder Singh Ji Jindu.

ਜ਼ਿਲ੍ਹਾ ਫਿਰੋਜ਼ਪੁਰ ਵਿੱਚ ਗਰੀਬ ਵਿਅਕਤੀਆਂ ਨੂੰ ਪੱਕੇ ਮਕਾਨਾਂ ਲਈ ਪੈਸਾ ਦੇਣਾ

***1647. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਗਰੀਬੀ ਰੇਖਾ ਤੋਂ ਥੱਲੇ ਆਮਦਨ ਵਾਲੇ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਨੂੰ ਕੱਚੇ ਰਿਹਾਇਸ਼ੀ ਘਰਾਂ ਦੀ ਥਾਂ ਪੱਕੇ ਮਕਾਨ ਬਣਾਉਣ ਲਈ ਸਾਲ 2012, 2013 ਅਤੇ 2014 ਵਿੱਚ ਕੁੱਲ ਕਿੰਨੀ ਕਿੰਨੀ ਰਾਸ਼ੀ ਦਿੱਤੀ ਗਈ ਅਤੇ ਕੁੱਲ ਲਾਭਪਾਤਰੀਆਂ ਦੀ ਗਿਣਤੀ ਕਿੰਨੀ ਹੈ ?

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ): ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਾਲ 2012, 2013 ਅਤੇ 2014 ਦੌਰਾਨ ਮਕਾਨ ਉਸਾਰੀ ਸਕੀਮ ਅਧੀਨ ਕਿਸੇ ਲਾਭਪਾਤਰੀ ਨੂੰ ਗਰਾਂਟ ਨਹੀਂ ਦਿੱਤੀ ਗਈ ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਆਮ ਵੇਖਦੇ ਹਾਂ ਕਿ ਜਿਹੜੇ ਲੋਕਾਂ ਦਾ ਨਾਮ ਬੀ.ਪੀ.ਐਲ. ਲਿਸਟ ਵਿੱਚ ਆ ਗਿਆ, ਉਨ੍ਹਾਂ ਨੂੰ ਤਾਂ ਸਹੂਲਤਾਂ ਮਿਲ ਜਾਂਦੀਆਂ ਹਨ ਪਰ ਭਲਾਈ ਮਹਿਕਮੇ ਵਲੋਂ ਅੱਜ ਤੱਕ ਕਿਸੇ ਵੀ ਗਰੀਬ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ। ਇਸ ਲਈ ਗਰੀਬਾਂ ਨੂੰ ਵੀ ਮਹਿਕਮੇ ਵੱਲੋਂ ਜ਼ਰੂਰ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ, ਅਗਲਾ ਸਵਾਲ।

ਪਿੰਡ ਬੀਨੇਵਾਲ ਤੋਂ ਖੁਰਾਲਗੜ੍ਹ ਅਤੇ ਪਿੰਡ ਸੈਲਾ ਤੋਂ ਬੰਗਾ ਤੱਕ ਸੜਕ ਬਣਾਉਣਾ

***1649. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਗੜ੍ਹਸ਼ੰਕਰ (ਜਿਲ੍ਹਾ ਹੁਸ਼ਿਆਰਪੁਰ) ਦੇ ਪਿੰਡ ਬੀਨੇਵਾਲ ਤੋਂ ਖੁਰਾਲਗੜ੍ਹ ਤੱਕ ਸੜਕ, ਜਿਸ ਦਾ ਟੈਂਡਰ ਸਾਲ, 2012 ਵਿੱਚ ਹੋਇਆ ਸੀ ਅਤੇ ਪਿੰਡ ਮੋਰਾਂਵਾਲੀ ਤੱਕ ਬਣਨ ਵਾਲੀ ਪਿੰਡ ਸੈਲਾ ਤੋਂ ਬੰਗਾ ਤੱਕ ਸੜਕ ਕਦੋਂ ਤੱਕ ਮੁਕੰਮਲ ਹੋ ਜਾਵੇਗੀ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ,

ਬੀਨੇਵਾਲ ਤੋਂ ਖੁਰਾਲਗੜ੍ਹ ਤੱਕ ਸੜਕ ਬਾਰੇ

ਬੀਨੇਵਾਲ ਤੋਂ ਖੁਰਾਲਗੜ੍ਹ ਤੱਕ ਸੜਕ ਦੀ ਕੁੱਲ ਲੰਬਾਈ 16.50 ਕਿ.ਮੀ. ਹੈ। ਇਸ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਨਬੰਵਰ 2012 ਵਿੱਚ ਅਲਾਟ ਕੀਤਾ ਗਿਆ ਸੀ। ਹੁਣ ਤੱਕ 6.50 ਕਿ.ਮੀ. ਤੱਕ ਦਾ ਕੰਮ ਐਸ.ਡੀ.ਬੀ.ਸੀ. ਪਾ ਕੇ ਮੁਕੰਮਲ ਹੋ ਚੁੱਕਾ ਹੈ ਅਤੇ ਹੋਰ 7.50 ਕਿਲੋਮੀਟਰ ਨੂੰ ਚੌੜਾ ਕੀਤਾ ਜਾ ਚੁੱਕਾ ਹੈ। ਇਹ ਕੰਮ ਹੁਣ ਤੱਕ 43% ਮੁਕੰਮਲ ਹੋ ਚੁੱਕਾ ਹੈ ਅਤੇ ਫੰਡਾਂ ਦੀ ਘਾਟ ਕਰਕੇ ਕੰਮ ਰੁਕਿਆ ਪਿਆ ਹੈ। ਸਾਲ 2014-15 ਦੌਰਾਨ ਇਸ ਕੰਮ ਵਾਸਤੇ

ਕੋਈ ਵੀ ਫੰਡਜ਼ ਪ੍ਰਾਪਤ ਨਹੀਂ ਹੋਏ ਹਨ। ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ 6 ਮਹੀਨਿਆਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਸੈਲਾ ਤੋਂ ਬੰਗਾ ਅਪਟੂ ਮੋਰਾਂਵਾਲੀ ਸੜਕ

ਸੈਲਾ ਤੋਂ ਬੰਗਾ ਸੜਕ ਪਿੰਡ ਮੋਰਾਂਵਾਲੀ ਤੱਕ ਇਕ ਲਿੰਕ ਸੜਕ ਹੈ। ਇਹ ਸਾਲ 2007 ਵਿੱਚ ਰਿਪੇਅਰ ਹੋਈ ਸੀ। ਹਾਲ ਦੀ ਘੜੀ ਇਸ ਸੜਕ ਨੂੰ ਰਿਪੇਅਰ ਜਾਂ ਚੌੜੀ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸੜਕ ਦਾ ਟੈਂਡਰ 2012 ਵਿਚ ਅਲਾਟ ਕੀਤਾ ਗਿਆ ਸੀ ਪਰ...

ਮਾਨਯੋਗ ਸਪੀਕਰ : ਮੰਤਰੀ ਜੀ ਤੁਸੀਂ ਜਵਾਬ ਅੱਧਾ ਦਿੱਤਾ ਹੈ। ਤੁਸੀਂ ਸੈਲਾ ਤੋਂ ਬੰਗਾ ਸੜਕ ਬਾਰੇ ਨਹੀਂ ਦੱਸਿਆ।

ਮੰਤਰੀ : ਸਪੀਕਰ ਸਾਹਿਬ, ਹਾਲ ਦੀ ਘੜੀ ਸਾਡੇ ਕੋਲ ਇਸ ਸੜਕ ਨੂੰ ਚੌੜੀ ਜਾਂ ਰਿਪੇਅਰ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸੈਲਾ ਤੋਂ ਬੰਗਾ ਰੋਡ ਫਿਲੌਰ ਤੋਂ ਲੁਧਿਆਣਾ ਲਈ ਇਕ ਬਾਂਈਪਾਸ ਦਾ ਕੰਮ ਕਰਦੀ ਹੈ। ਬੰਗਾ ਤੋਂ ਉੱਚਾ ਲੁਧਿਆਣਾ ਤੱਕ 30 ਸਾਲ ਪਹਿਲਾਂ 18 ਫੁੱਟ ਸੜਕ ਬਣ ਗਈ ਸੀ ਅਤੇ ਉੱਚਾ ਲੁਧਿਆਣਾ ਤੋਂ ਸੈਲਾ ਤੱਕ 10 ਫੁੱਟ ਦੀ ਰੋਡ ਹੈ। ਇਹ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦਾ ਨਾਨਕਾ ਨਗਰ ਹੈ। ਲੋਕ ਸਾਨੂੰ ਵਾਰ ਵਾਰ ਇਹ ਪ੍ਰਸ਼ਨ ਕਰਦੇ ਹਨ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ ਆਪਣੀ ਕੁਰਬਾਨੀ ਇਸ ਲਈ ਦਿੱਤੀ ਸੀ ਕਿ ਉਨ੍ਹਾਂ ਦੇ ਨਾਨਕਾ ਨਗਰ ਨੂੰ ਇੱਕ ਵੀ ਸੜਕ ਨਾ ਬਣਾਈ ਜਾਵੇ ?

(ਵਿਰੋਧੀ ਧਿਰ ਵਲੋਂ ** ** ਦੀਆਂ ਅਵਾਜ਼ਾਂ)

ਮਾਨਯੋਗ ਸਪੀਕਰ : ਤੁਸੀਂ ਸਵਾਲ ਕਰੋ ਜੀ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿੰਨੇ ਚਿਰ ਵਿੱਚ ਇਹ ਸੜਕ ਬਣਾ ਦੇਣਗੇ ?

** Expunged as ordered by the Chair.

ਮਾਨਯੋਗ ਸਪੀਕਰ : ** ** ਲਫਜ਼ ਐਕਸਪੰਜ ਕਰ ਦਿੱਤਾ ਜਾਵੇ ਜੀ।

ਮੰਤਰੀ : ਸਪੀਕਰ ਸਾਹਿਬ, ਸਾਲ 2005 ਤੱਕ ਜਿਹੜੀਆਂ ਵੀ ਸੜਕਾਂ ਟੁੱਟੀਆਂ ਸਨ, ਅਸੀਂ ਉਹ ਕੰਪਲੀਟ ਕਰ ਲਈਆਂ ਹਨ ਔਰ ਇਸ ਤੋਂ ਨੈਕਸਟ ਜਿਹੜੀਆਂ ਸੜਕਾਂ ਵੀ ਰਿਪੇਅਰ ਕਰਾਂਗੇ, ਉਸ ਵਿੱਚ ਇਹ ਸੜਕ ਇਨਕਲੂਡ ਕਰ ਲਵਾਂਗੇ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਖੁਰਾਲਗੜ੍ਹ ਵਿਖੇ ਗੁਰੂ ਰਵੀਦਾਸ ਜੀ ਨੇ ਭਗਤੀ ਕੀਤੀ ਸੀ, ਉਸ ਵਾਸਤੇ ਵੀ ਪਹਿਲਾਂ ਦੋ ਸਵਾਲ ਲੱਗ ਚੁੱਕੇ ਹਨ ਅਤੇ ਇਹ ਤੀਜਾ ਸਵਾਲ ਹੈ। ਜਿਥੇ ਵੀ ਗਰੀਬਾਂ ਦਾ ਕੋਈ ਕਨਸਰਨ ਹੈ ਉਥੇ ਸਰਕਾਰ ਇਸੇ ਤਰ੍ਹਾਂ ਕਰਦੀ ਹੈ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਖੁਰਾਲਗੜ੍ਹ ਵਾਲੀ ਸੜਕ ਨੂੰ ਚੌੜਾ ਕਰਨ ਵਾਸਤੇ ਹੋਰ ਕਿੰਨੇ ਸਾਲ ਲੱਗਣਗੇ?

ਮਾਨਯੋਗ ਸਪੀਕਰ : ਕੀ ਇਹ ਉਹੋ ਸੜਕ ਹੈ, ਜਿਸ ਦੀ ਗੱਲ ਸਵਾਲ ਵਿੱਚ ਕੀਤੀ ਗਈ ਹੈ?

ਸ਼੍ਰੀ ਤਰਲੋਚਨ ਸਿੰਘ : ਹਾਂ ਜੀ, ਸਪੀਕਰ ਸਾਹਿਬ ਇਹ ਉਹੋ ਸੜਕ ਹੈ। ਮੇਰਾ ਇਹ ਕਨਸਰਨ ਹੈ ਕਿ ਖੁਰਾਲਗੜ੍ਹ ਵਾਲੀ ਸੜਕ ਨੂੰ ਚੌੜਾ ਕਰਨ ਵਾਸਤੇ ਹੋਰ ਕਿੰਨਾ ਸਮਾਂ ਲੱਗੇਗਾ ? ਇਹ ਸੜਕ ਸਾਲ 2012 ਵਿੱਚ 13 ਕਿਲੋਮੀਟਰ ਬਣਨੀ ਸੀ ਪਰ ਤਿੰਨ-ਚਾਰ ਸਾਲਾਂ ਵਿੱਚ ਕੇਵਲ 7 ਕਿਲੋਮੀਟਰ ਹੀ ਬਣੀ ਹੈ। ਇਸ ਲਈ ਮੰਤਰੀ ਜੀ ਮੈਨੂੰ ਇਹ ਦੱਸਣ ਦੀ ਖੇਚਲ ਕਰਨ ਕਿ ਇਸ ਸੜਕ ਨੂੰ ਬਣਨ ਵਿਚ ਹੋਰ ਕਿੰਨੇ ਸਾਲ ਲੱਗਣਗੇ? ਮੈਨੂੰ ਇਸ ਦਾ ਸਪੈਸੀਫਿਕ ਜਵਾਬ ਚਾਹੀਦਾ ਹੈ ਕਿਉਂਕਿ ਲੱਖਾਂ ਦੀ ਤਾਦਾਦ ਵਿਚ ਲੋਕ ਖੁਰਾਲਗੜ੍ਹ ਜਾਂਦੇ ਹਨ ਅਤੇ ਇਹ ਬਹੁਤ ਹੀ ਸੀਰੀਅਸ ਇਸ਼ੂ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਫੰਡਾਂ ਦੀ ਘਾਟ ਕਾਰਨ ਇਹ ਸੜਕ ਨਹੀਂ ਬਣ ਸਕੀ ਹੈ। ਫੰਡ ਉਪਲਬਧ ਹੋ ਜਾਣ ਤੇ 6 ਮਹੀਨਿਆਂ ਵਿਚ ਇਹ ਸੜਕ ਬਣਾ ਦਿਆਂਗੇ। (ਵਿਰੋਧੀ ਧਿਰ ਵਲੋਂ ਹਾਸਾ)

ਮਾਨਯੋਗ ਸਪੀਕਰ : ਧੰਨਵਾਦ ਜੀ। ਹਾਂ ਜੀ, ਸ਼੍ਰੀਮਤੀ ਪਰਨੀਤ ਕੌਰ ਜੀ।

** Expunged as ordered by the Chair.

ਸ਼ਗਨ ਸਕੀਮ ਅਧੀਨ ਗ੍ਰਾਂਟਾਂ ਲਈ ਪ੍ਰਾਪਤ ਹੋਏ ਬਿਨੈ-ਪੱਤਰਾਂ ਦੀ ਗਿਣਤੀ

***1656. ਸ਼੍ਰੀਮਤੀ ਪਰਨੀਤ ਕੌਰ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਪਟਿਆਲਾ ਵਿੱਚ 1 ਅਪ੍ਰੈਲ, 2012 ਤੋਂ 30 ਸਤੰਬਰ, 2014 ਤੱਕ ਸ਼ਗਨ ਸਕੀਮ ਅਧੀਨ ਗ੍ਰਾਂਟਾਂ ਲੈਣ ਲਈ ਪ੍ਰਾਪਤ ਹੋਏ ਬਿਨੈ-ਪੱਤਰਾਂ/ਦਾਅਵਿਆਂ ਦੀ ਮਹੀਨਾਵਾਰ ਗਿਣਤੀ ਕਿੰਨੀ ਹੈ;

(ਅ) ਹੁਣ ਤੱਕ ਮਨਜ਼ੂਰ ਕੀਤੇ ਅਤੇ ਵੰਡੀਆਂ ਗਈਆਂ ਗ੍ਰਾਂਟਾਂ ਦੇ ਕੇਸਾਂ ਦੀ ਗਿਣਤੀ ਅਤੇ ਮਹੀਨਾਵਾਰ ਵੇਰਵੇ ਕੀ ਹਨ ?

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਮੰਗੀ ਗਈ ਸੂਚਨਾ ਅਨੁਲੱਗ-ੳ ਤੇ ਰੱਖੀ ਜਾਂਦੀ ਹੈ ।

ਅਨੁਲੱਗ-ੳ

ਜ਼ਿਲ੍ਹਾ ਪਟਿਆਲਾ ਵਿਚ 1 ਅਪ੍ਰੈਲ, 2012 ਤੋਂ 30 ਸਤੰਬਰ, 2014 ਤੱਕ ਸ਼ਗਨ ਸਕੀਮ ਅਧੀਨ ਗਰਾਂਟਾਂ ਲੈਣ ਲਈ ਪ੍ਰਾਪਤ ਹੋਏ ਬਿਨੈ-ਪੱਤਰਾਂ/ਦਾਅਵਿਆਂ ਦੀ ਮਹੀਨਾਵਾਰ ਗਿਣਤੀ ਅਤੇ ਪ੍ਰਾਪਤ ਹੋਏ ਬਿਨੈ-ਪੱਤਰਾਂ/ਦਾਅਵਿਆਂ ਵਿੱਚੋਂ ਹੁਣ ਤੱਕ ਮਨਜ਼ੂਰ ਕੀਤੇ ਅਤੇ ਵੰਡੀਆਂ ਗਈਆਂ ਗਰਾਂਟਾਂ ਦੇ ਕੇਸਾਂ ਦੀ ਗਿਣਤੀ ਦਾ ਮਹੀਨਾ-ਵਾਰ ਵੇਰਵਾ

ਲੜੀ ਨੰ:	ਮਹੀਨਾ	ਪ੍ਰਾਪਤ ਹੋਏ ਬਿਨੈ-ਪੱਤਰਾਂ/ਦਾਅਵਿਆਂ ਦੀ ਗਿਣਤੀ	ਮਨਜ਼ੂਰ ਕੀਤੇ ਅਤੇ ਵੰਡੀਆਂ ਗਈਆਂ ਗਰਾਂਟਾਂ ਦੇ ਕੇਸਾਂ ਦੀ ਮਹੀਨਾ-ਵਾਰ ਗਿਣਤੀ
ਸਾਲ 2012-13			
1.	ਅਪ੍ਰੈਲ, 2012	419	311
2.	ਮਈ, 2012	235	182
3.	ਜੂਨ, 2012	286	224
4.	ਜੁਲਾਈ, 2012	132	72
5.	ਅਗਸਤ, 2012	129	98

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

6. ਸਤੰਬਰ, 2012	216	178
7. ਅਕਤੂਬਰ, 2012	384	341
8. ਨਵੰਬਰ, 2012	641	570
9. ਦਸੰਬਰ, 2012	543	393
10. ਜਨਵਰੀ, 2013	685	585
11. ਫਰਵਰੀ, 2013	629	516
12. ਮਾਰਚ, 2013	388	378
ਸਾਲ 2013-14		
13. ਅਪ੍ਰੈਲ, 2013	272	215
14. ਮਈ, 2013	291	237
15. ਜੂਨ, 2013	150	117
16. ਜੁਲਾਈ, 2013	143	112
17. ਅਗਸਤ, 2013	120	99
18. ਸਤੰਬਰ, 2013	226	191
19. ਅਕਤੂਬਰ, 2013	319	302
20. ਨਵੰਬਰ, 2013	486	441
21. ਦਸੰਬਰ, 2013	343	278
22. ਜਨਵਰੀ, 2014	558	520
23. ਫਰਵਰੀ, 2014	793	716
24. ਮਾਰਚ, 2014	429	392
ਸਾਲ 2014-15		
25. ਅਪ੍ਰੈਲ, 2014	231	211
26. ਮਈ, 2014	229	202

27. ਜੂਨ, 2014	189	159
28. ਜੁਲਾਈ, 2014	141	45
29. ਅਗਸਤ, 2014	104	30
30. ਸਤੰਬਰ, 2014	265	112

ਸ਼੍ਰੀਮਤੀ ਪਰਨੀਤ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਪੈਂਡਿੰਗ ਕਲੇਮ ਹਨ, ਉਹ ਕਦੋਂ ਤੱਕ ਕਲੀਅਰ ਹੋਣਗੇ? ਉਹ ਫੰਡ ਕਦੋਂ ਰਿਲੀਜ਼ ਹੋਣਗੇ ਜਿਹੜੇ ਜ਼ਰੂਰਤਮੰਦ ਬੰਦਿਆਂ ਦੇ ਕਲੇਮ ਹਨ ਅਤੇ ਮੇਰਾ ਦੂਜਾ ਕੁਐਸਚਨ ਹੈ ਕਿ......

ਮਾਨਯੋਗ ਸਪੀਕਰ : ਭੈਣ ਜੀ, ਇੱਕ ਕੁਐਸਚਨ ਇੱਕ ਟਾਈਮ ਤੇ ਪੁੱਛੋ, only one question.

ਮੰਤਰੀ : ਸਪੀਕਰ ਸਾਹਿਬ, ਸਾਡੀ ਕੋਸ਼ਿਸ਼ ਹੈ ਕਿ ਜਨਵਰੀ ਤੱਕ ਸਾਰੇ ਪੈਂਡਿੰਗ ਕੇਸ ਕਲੀਅਰ ਕਰ ਦਿੱਤੇ ਜਾਣਗੇ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਡਿਪਟੀ ਸੀ. ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਗਰੀਬ ਦਾ ਦੁੱਖ ਦਰਦ ਸਮਝ ਕੇ ਇੱਕ ਅਨਾਊਂਸਮੈਂਟ ਕੀਤੀ ਹੈ ਕਿ ਹੁਣ ਤੋਂ ਬਾਅਦ ਸ਼ਗਨ ਸਕੀਮ ਗਰੀਬਾਂ ਨੂੰ ਸ਼ਾਦੀ ਦੇ 15 ਦਿਨ ਪਹਿਲਾਂ ਮਿਲ ਜਾਵੇਗੀ। That's another promise they have made, so let see how far it would be carried out or not. ਮੇਰਾ ਇੱਕ ਸਿੰਪਲ ਸਵਾਲ ਹੈ । ਮੈਂ ਮੰਤਰੀ ਸਾਹਿਬ ਨੂੰ ਗੁਜਾਰਿਸ਼ ਕਰਾਂਗਾ ਕਿ ਇਹ ਨਾ ਕਹਿ ਦੇਣਾ ਕਿ ਇਹ ਸਪਲੀਮੈਂਟਰੀ ਇਸ ਸਵਾਲ ਦੇ ਨਾਲ ਰਿਲੇਟਿਡ ਨਹੀਂ ਹੈ। ਪਿਛਲੇ ਪੰਜ ਮਹੀਨਿਆਂ ਦੇ ਪੂਰੇ ਪੰਜਾਬ ਅੰਦਰ ਤਕਰੀਬਨ 18000 ਸ਼ਗਨ ਸਕੀਮਾਂ ਦੇ ਕੇਸ ਬਕਾਇਆ ਪਏ ਹਨ, ਉਹ ਤੁਸੀਂ ਕਦੋਂ ਦੇ ਦਿਓਗੇ ? 15 ਦਿਨਾਂ ਦੀ ਗੱਲ ਤਾਂ ਤੁਸੀਂ ਕਰੀ ਜਾਂਦੇ ਹੋ? ਢੀਂਡਸਾ ਸਾਹਿਬ ਵੀ ਬੈਠੇ ਹਨ ਅਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ, ਤੁਸੀਂ ਉਨ੍ਹਾਂ 18000 ਪਰਿਵਾਰਾਂ ਨੂੰ ਕੀ ਦਿਲਾਸਾ ਦੇਣ ਲੱਗੇ ਹੋ ? ਇਨ੍ਹਾਂ ਬਾਰੇ ਤੁਸੀਂ ਦੱਸੋ ਕਿ ਇਹ ਕੇਸ ਕਦੋਂ ਤੱਕ ਕਲੀਅਰ ਹੋ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਸਾਡੇ ਕੋਲ ਜਿਹੜਾ ਸਵਾਲ ਆਇਆ ਹੈ, ਉਸ ਦਾ ਜਵਾਬ ਮੈਂ ਪਹਿਲਾਂ ਵੀ ਦੱਸਿਆ ਹੈ ਪਰ ਹੁਣ ਠੀਕ ਹੈ ਕਿ ਜਾਖੜ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਸਾਹਿਬ ਨੇ ਹੋਰ ਤਰ੍ਹਾਂ ਨਾਲ ਸਵਾਲ ਪੁੱਛ ਲਿਆ ਹੈ। ਜੇ ਮੈਨੂੰ ਇਸ ਬਾਰੇ ਪਹਿਲਾਂ ਹੀ ਪੁੱਛਿਆ ਹੁੰਦਾ ਤਾਂ ਮੈਂ ਉਸ ਦਾ ਵੀ ਜਵਾਬ ਦੇ ਦਿੰਦਾ। ਜਿਹੜਾ ਬੀਬੀ ਜੀ ਨੇ ਸਵਾਲ ਪੁੱਛਿਆ ਹੈ, ਉਸ ਅਨੁਸਾਰ ਸਾਡੇ ਕੋਲ ਜਿਹੜੇ ਇਸ ਵੇਲੇ ਪੈਂਡਿੰਗ ਕੇਸ ਹਨ, ਉਹ 267 ਹਨ ਤੇ ਇਹ ਅਸੀਂ ਜਨਵਰੀ ਤੱਕ ਸਾਰੇ ਕਲੀਅਰ ਕਰ ਦਿਆਂਗੇ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਜਾਖੜ ਸਾਹਿਬ, ਤੁਸੀਂ ਸਮਝੇ ਨਹੀਂ । ਜੋ ਬੀਬੀ ਜੀ ਨੇ ਸਵਾਲ ਪੁੱਛਿਆ ਹੈ, ਅਸੀਂ ਉਸ ਸਬੰਧ ਵਿੱਚ ਹੀ ਜਵਾਬ ਲੈਣਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਇੰਨੇ ਵੱਡੇ ਅਹਿਮ ਮਸਲੇ ਹਨ । ਮਸਾਂ ਤਿੰਨ ਸਿਟਿੰਗ ਦਾ ਸੈਸ਼ਨ ਜੁੜਿਆ ਹੈ । ਜੇ ਆਨਰੇਬਲ ਮਨਿਸਟਰ ਸਾਹਿਬ ਇਹ ਤਿਆਰੀ ਕਰਕੇ ਨਹੀਂ ਆਏ ਕਿ ਪੰਜਾਬ ਵਿੱਚ ਕਿੰਨੇ ਪੈਂਡਿੰਗ ਸ਼ਗਨ ਸਕੀਮ ਪਏ ਹਨ then I am sorry to say that you are not doing justice to your deptt. I am sorry to say.

ਨਿਸ਼ਾਨ ਵਾਲਾ ਪ੍ਰਸ਼ਨ ਨੰ. : 1662*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ । (ਵਿਘਨ)

ਸ਼੍ਰੀ ਸੁਨੀਲ ਜਾਖੜ : ਨੋ ਨੋ, ਸਪੀਕਰ ਸਾਹਿਬ, (ਵਿਘਨ) ਗਰੀਬਾਂ ਨੂੰ ਕੋਈ ਇੱਕ ਸਾਈਡ ਤੇ ਤਾਂ ਲਗਾਓ।

ਸ਼੍ਰੀਮਤੀ ਪਰਨੀਤ ਕੌਰ : ਸਰ, ਮੈਂ ਦੂਜੀ ਸਪਲੀਮੈਂਟਰੀ ਵੀ ਪੁੱਛਣੀ ਹੈ। ਮੇਰੀ ਦੂਜੀ ਸਪਲੀਮੈਂਟਰੀ ਤਾਂ ਹੋਈ ਹੀ ਨਹੀਂ ਹੈ।

ਮਾਨਯੋਗ ਸਪੀਕਰ : ਬੀਬੀ ਜੀ, ਤੁਹਾਡਾ ਟਾਈਮ ਤਾਂ ਇਹ ਲੈ ਗਏ ਹਨ, ਮੈਂ ਦੋ ਹੀ ਸਪਲੀਮੈਂਟਰੀਆਂ ਅਲਾਓ ਕਰਨੀਆਂ ਸਨ। (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਅਸੀਂ ਤੁਹਾਡੇ ਤੋਂ better treatment expect ਕਰਦੇ ਹਾਂ । ** **

---

*For Starred Question No. 1662 and reply thereto, please see Appendix to this Debates.

** **Expunged as ordered by the Chair.

ਮਾਨਯੋਗ ਸਪੀਕਰ : ਨਹੀਂ ਨਹੀਂ, You are insulting me. ਮੈਂ ਤੁਹਾਡਾ ਜ਼ਿਆਦਾ ਖਿਆਲ ਰੱਖਦਾ ਹਾਂ । (ਵਿਘਨ)

ਸ਼੍ਰੀ ਸੁਨੀਲ ਜਾਖੜ : ਤੁਸੀਂ ਵੀ ਉਨ੍ਹਾਂ ਦੀ ਤਰ੍ਹਾਂ ਕਰਦੇ ਹੋ। We expect better treatment from you. You have to be fair. We don't expect anything beyond (ਵਿਘਨ) ਇਹ ਕੀ ਗੱਲ ਹੋਈ । ਸਰ, ਮੈਂ ਗਰੀਬਾਂ ਦੀ ਗੱਲ ਕਰ ਰਿਹਾ ਹਾਂ, ਕੋਈ ਇੱਕ ਪਾਰਟੀ ਦੀ ਨਹੀਂ, ਤੁਸੀਂ ਇਨ੍ਹਾਂ ਤੋਂ ਪੁੱਛ ਲਓ। ਇਹ ਸਰ ਜੀ ਇਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹੀ ਕਹਿ ਦੇਣ ਕਿ ਸ਼ਗਨ ਸਕੀਮਾਂ ਦਾ ਪੈਸਾ ਨਹੀਂ ਆਇਆ ।

ਮਾਨਯੋਗ ਸਪੀਕਰ : ਨਹੀਂ, ਇਹ ਫੇਅਰ ਨਹੀਂ ਹੈ । ਜਿੰਨਾ ਹੋ ਸਕਦਾ ਹੈ, ਮੈਂ ਮੈਕਸੀਮਮ ਐਕੰਮੋਡੇਟ ਕਰਦਾ ਹਾਂ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਕਬੱਡੀ ਬਾਰੇ ਮੈਨੂੰ ਸਮਝ ਨਹੀਂ ਆਇਆ ਕਿ ਤੁਸੀਂ ਕੀ ਕਿਹਾ ? (ਵਿਘਨ) ਕੀ ਤੁਸੀਂ ਪਾਕਿਸਤਾਨ ਦੇ ਨਾਲ ਹੋ ?

Shri Sunil Jakhar : We are for fair play. ਫਿਰ ਤੁਸੀਂ ਉਨ੍ਹਾਂ ਨੂੰ ਬੁਲਾਉਂਦੇ ਕਿਉਂ ਹੋ ? (ਵਿਘਨ) (ਸ਼ੋਰ) A game is always played with a spirit. The way you loose it shows it all. ਤੁਸੀਂ ਤਾਂ ਬਿਲਕੁਲ ਹੀ ਕਮਾਲ ਕਰ ਦਿੱਤੀ। (ਵਿਘਨ)

ਉਪ ਮੁੱਖ ਮੰਤਰੀ : ਇੱਕ ਮਿੰਟ, ਸਪੀਕਰ ਸਾਹਿਬ । ਮੈਂ ਜਾਖੜ ਸਾਹਿਬ ਤੇ ਹੈਰਾਨ ਹਾਂ। Are you a Judge ? How can you give a statement just by reading a paper ? (ਵਿਘਨ) ਮੈਂ ਤਾਂ ਹੈਰਾਨ ਹਾਂ ਜਾਖੜ ਸਾਹਿਬ ਤੇ ਕਿ ਕਿਸੇ ਨੇ ਕੁਮੈਂਟ ਕੀਤਾ ਔਰ ਤੁਸੀਂ ਕਹਿ ਦਿਓ ਕਿ ਉਹ ਫੈਸਲਾ ਹੈ । ਉਸ ਤੋਂ ਬਾਅਦ ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ । ਅਸੀਂ ਅਗਲੇ ਦਿਨ ਆਏ ਅਤੇ ਮੈਂ ਉਨ੍ਹਾਂ ਦੀ ਐਪਰੀਹੈਂਸ਼ਨਜ਼ ਨੂੰ ਦੂਰ ਕਰਨ ਵਾਸਤੇ ਕਮੇਟੀ ਬਿਠਾਈ । ਮਲੂਕਾ ਸਾਹਿਬ ਮਨਿਸਟਰ ਸੀ, ਉਨ੍ਹਾਂ ਨੂੰ ਅਗਲੇ ਦਿਨ ਬੁਲਾਇਆ । ਉਨ੍ਹਾਂ ਦੀ ਐਪਰੀਹੈਂਸ਼ਨਜ਼ ਕੀ ਸੀ ਕਿ ਤਿੰਨ ਮਿੰਟ ਪਹਿਲੇ ਉਸ ਮੈਚ ਨੂੰ ਖਤਮ ਕੀਤਾ । ਅਸੀਂ ਅਗਲੇ ਦਿਨ ਸਾਰੀ ਰਿਕਾਡਿੰਗ ਇੱਕ ਇੱਕ ਮਿੰਟ ਦੀ ਉਨ੍ਹਾਂ ਨੂੰ ਦਿਖਾਈ ਤਾਂ ਉਨ੍ਹਾਂ ਨੇ ਇਸ਼ੂ ਬਦਲ ਦਿੱਤਾ ਅਤੇ ਕਹਿੰਦੇ ਕਿ ਤੁਸੀਂ ਹਾਈਕੋਰਟ ਦੇ ਦੋ ਜੱਜ ਬਿਠਾ ਦਿਉ। ਇੱਕ ਪਾਕਿਸਤਾਨ ਹਾਈਕੋਰਟ ਦਾ ਹੋਵੇ ਅਤੇ ਇੱਕ ਇੰਡੀਅਨ

[ਉਪ ਮੁੱਖ ਮੰਤਰੀ]

ਹਾਈਕੋਰਟ ਦਾ ਹੋਵੇ, ਜਿਹੜਾ ਇਸ ਤੇ ਫੈਸਲਾ ਕਰੇ। (ਵਿਘਨ) ਅਸੀਂ asked the minister immediately and given him the job. ਤਿੰਨ ਮਿੰਟਾਂ ਵਿੱਚ ਇਹ ਇਸ਼ੂ ਹੱਲ ਕਰ ਦਿੱਤਾ। I am shocked, ਤੁਸੀਂ ਅਖਬਾਰ ਵਿੱਚ ਪੜ੍ਹ ਕੇ ਸਟੇਟਮੈਂਟ ਦੇ ਦਿੰਦੇ ਹੋ। (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, point of explanation. (Interruptions) We have raised the objection. We expect the fair treatment. ਆਨਰੇਬਲ ਮਨਿਸਟਰ ਸਾਹਿਬ ਨੂੰ ਮੈਂ ਕਹਿਣਾ ਨਹੀਂ ਚਾਹੁੰਦਾ ਕਿ ਪਲੇਅਰਜ਼ ਤੁਹਾਡੇ ਵਾਸਤੇ ਕੀ ਕਹਿ ਕੇ ਗਏ ਹਨ। It is playing on youtube. ਮੈਂ ਉਹ ਸ਼ਬਦ ਇਸਤੇਮਾਲ ਨਹੀਂ ਕਰਨਾ ਚਾਹੁੰਦਾ ਜਿਹੜੇ ਉਨ੍ਹਾਂ ਨੇ ਵਰਤੇ ਹਨ। (ਸ਼ੋਰ) ਅਸੀਂ ਉਹ ਪੰਜਾਬੀ ਹਾਂ ਜਿਨ੍ਹਾਂ ਦੀ ਮਹਿਮਾਨਨਿਵਾਜ਼ੀ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਤੁਸੀਂ ਕਹਿ ਰਹੇ ਹੋ ਕਿ ਅਸੀਂ ਪਾਕਿਸਤਾਨ ਦੇ ਨਾਲ ਹਾਂ। ਜੇ ਇਸ ਤਰ੍ਹਾਂ ਹੈ ਤਾਂ ਤੁਸੀਂ ਇਹ ਬੰਦ ਕਰਵਾ ਦਿਉ। (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਹਾਨੂੰ ਕਾਂਗਰਸ ਵਾਲਿਆਂ ਨੂੰ ਫਰੱਸਟਰੇਸ਼ਨ ਹੈ ਕਿ ਅਸੀਂ ਇੰਨਾ ਸਕਸੈਸਫੁੱਲ ਟੂਰਨਾਮੈਂਟ ਹਰ ਸਾਲ ਕਰਵਾਉਂਦੇ ਹਾਂ। (ਵਿਘਨ) (ਸ਼ੋਰ) ਤੁਸੀਂ ਘਬਰਾ ਕੇ ਇਹੋ ਜਿਹੀਆਂ ਗੱਲਾਂ ਕਰਦੇ ਹੋ। (ਸ਼ੋਰ) I was the first person, ਮੈਂ ਉਥੇ ਹੀ ਬੈਠਾ ਰਿਹਾ। (ਵਿਘਨ) I called the enquiry. (ਸ਼ੋਰ) (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸ਼੍ਰੀ ਸੁਨੀਲ ਜਾਖੜ, ਸਰਦਾਰ ਕੁਲਜੀਤ ਸਿੰਘ ਨਾਗਰਾ, ਸ਼੍ਰੀ ਤਰਲੋਚਨ ਸਿੰਘ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਬਿਨਾ ਆਗਿਆ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਾਖੜ ਸਾਹਿਬ ਨੇ ਵਰਲਡ ਕੱਪ ਦੇ ਹਿੰਦੁਸਤਾਨ ਦੇ ਮੈਚ ਦੇ ਰੈਫਰੀਆਂ ਤੇ ਕਿੰਤੂ ਪ੍ਰੰਤੂ ਕੀਤਾ ਹੈ ਅਤੇ ਦੋਸ਼ ਲਗਾਏ ਹਨ ਕਿ ਉਨ੍ਹਾਂ ਨੇ ਪੱਖਪਾਤ ਕੀਤਾ ਹੈ। ਮੈਂ ਹਾਊਸ ਵਿੱਚ ਚੈਲੰਜ ਕਰਦਾ

ਹਾਂ ਕਿ ਜੇਕਰ ਜਾਖੜ ਸਾਹਿਬ ਸਾਬਤ ਕਰ ਦੇਣ ਕਿ ਰੈਫਰੀਆਂ ਨੇ ਪੱਖਪਾਤ ਕੀਤਾ ਹੈ ਤਾਂ ਮੈਂ ਅਸਤੀਫਾ ਦੇ ਦੇਵਾਂਗਾ ਨਹੀਂ ਤਾਂ ਇਹ ਦੇ ਦੇਣ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਸ਼ੋਰ) ਮੇਰੀ ਇੱਕ ਗੱਲ ਹੋਰ ਸੁਣ ਲਉ ਕਿ ਜੇਕਰ ਕੋਈ ਹਾਰ ਕੇ ਰੋ ਪਵੇ ਤਾਂ ਕੀ ਉਸ ਨੂੰ ਜੇਤੂ ਕਰਾਰ ਦੇਣਾ ਚਾਹੀਦਾ ਹੈ? (ਸ਼ੋਰ)

(ਇੱਕ ਅਵਾਜ਼ : ਤੁਸੀਂ ਰੋ ਰਹੇ ਹੋ ।)

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ : ਅਸੀਂ ਤਾਂ ਜਿੱਤੇ ਹੋਏ ਹਾਂ, ਅਸੀਂ ਨਹੀਂ ਰੋ ਰਹੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕਿਸੇ ਨੂੰ ਘਰੇ ਬੁਲਾ ਕੇ ਜ਼ਲੀਲ ਨਹੀਂ ਕਰੀਦਾ ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਇਸ ਤਰ੍ਹਾਂ ਤਾਂ ਕੁਐਸਚਨ ਆਵਰ ਦਾ ਅੱਧਾ ਘੰਟਾ ਚਲਾ ਗਿਆ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ : ਜੰਮੂ-ਕਸ਼ਮੀਰ ਵਿੱਚ ਤੁਸੀਂ ਹਾਰ ਗਏ, ਝਾਰਖੰਡ ਵਿੱਚ ਵੀ ਹਾਰ ਗਏ ਅਤੇ ਗੋਲ ਅੰਡੇ ਆਈ ਜਾਂਦੇ ਹਨ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, I don't want to interrupt the House any further. ਸਪੀਕਰ ਸਾਹਿਬ, ਮੇਰੀ ਹੰਬਲ ਸਬਮਿਸ਼ਨ ਹੈ ਕਿ ਚਾਰ ਵਾਰੀ I have asked the same question. ਮੈਂ ਜਥੇਦਾਰ ਤੋਤਾ ਸਿੰਘ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇਹ ਸਵਾਲ ਚਾਰ ਵਾਰ ਲੱਗਾ ਸੀ every time either it was not accepted ਇਸ ਲਈ ਇੰਨਾ ਕੁ ਤਾਂ ਵਿਸ਼ਵਾਸ ਦਿਵਾ ਦਿਉ ਕਿ ਅਗਲੇ ਸੈਸ਼ਨ ਵਿੱਚ ਜਵਾਬ ਦੇ ਦੇਵਾਂਗੇ । It is not asking for bunch.

ਮਾਨਯੋਗ ਸਪੀਕਰ : ਬੇਸ਼ੱਕ ਐਕਸਟੈਂਨਸ਼ਨ ਹੈ ਪਰ ਰਿਜੈਕਟ ਨਹੀਂ ਹੈ, ਤੁਹਾਨੂੰ ਤਾਂ ਇਨ੍ਹਾਂ ਸਵਾਲਾਂ ਦਾ ਜਵਾਬ ਆ ਹੀ ਜਾਣਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ,ਡਿਸਕਸ ਤਾਂ ਇੱਥੇ ਹੀ ਹੋਣਾ ਹੈ। ਇਹ ਵੀ ਤੁਹਾਡੇ ਤੇ ਛੱਡ ਦਿੰਦੇ ਹਾਂ। ਵਲਟੋਹਾ ਸਾਹਿਬ ਬੜੀ ਗਰਮੀ ਨਾਲ ਬੋਲੇ। ਇਹ ਉਹੀ ਸਬਸਿਡੀ ਵਾਲਾ ਮਸਲਾ ਹੈ ਜਿਸ ਵਿੱਚ ਤੁਸੀਂ ਅਤੇ ਆਪਾਂ ਇਕੱਠੇ ਬੈਠੇ ਸੀ। It is being repeated again. ਸਪੀਕਰ ਸਾਹਿਬ, ਜਦੋਂ 500 ਰੁਪਏ ਦੀ ਸਬਸਿਡੀ ਆਈ ਸੀ ਤਾਂ 300 ਰੁਪਏ ਦਿੱਤੇ ਸਨ ਅਤੇ ਹੁਣ

[ਸ਼੍ਰੀ ਸੁਨੀਲ ਜਾਖੜ]

1000 ਰੁਪਏ ਸਬਸਿਡੀ ਆਈ ਹੈ ਤਾਂ 700 ਰੁਪਏ ਦਿੱਤੇ ਹਨ। ਮੈਨੂੰ ਆਸ਼ਵਾਸਨ ਦੇ ਦਿਉ ਅਤੇ ਟਾਈਮ ਦੇ ਦਿਉ, ਇਸ ਤੇ ਖੁੱਲ੍ਹ ਕੇ ਗੱਲ ਕਰਾਂਗੇ। ਭਾਵੇਂ ਇਸ ਦਾ ਜਵਾਬ ਅਗਲੇ ਸੈਸ਼ਨ ਵਿੱਚ ਹੀ ਦਿਵਾ ਦਿਉ।

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਤੁਹਾਡੇ ਵਾਲੇ ਸਵਾਲ ਵਿੱਚ ਸਾਲ 2014-15 ਬਾਰੇ ਮੰਗ ਲਿਆ ਸੀ ਅਤੇ ਅਸੀਂ ਜਵਾਬ ਤਿਆਰ ਕਰ ਰਹੇ ਹਾਂ। ਸਵਾਲ ਵਿੱਚ 2014-15 ਦੀ ਇਨਫਰਮੇਸ਼ਨ ਮੰਗੀ ਗਈ ਹੈ ਜਿਸ ਕਰਕੇ ਟਾਈਮ ਲੈਣਾ ਪਿਆ ਹੈ। (ਸ਼ੋਰ) ਅਸੀਂ ਹਾਲੇ ਇਨਫਰਮੇਸ਼ਨ ਕੈਲਕੁਲੇਟ ਕਰਨੀ ਹੈ।

ਸ਼੍ਰੀ ਸੁਨੀਲ ਜਾਖੜ : ਮੈਂ ਕੈਲਕੁਲੇਟ ਕਰੀ ਬੈਠਾ ਹਾਂ।

ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਇਹ 31 ਮਾਰਚ ਤੱਕ ਦੀ ਜਾਣਕਾਰੀ ਦੇਣੀ ਹੈ। (ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅਗਲੇ ਸੈਸ਼ਨ ਵਿੱਚ ਹੀ ਜਵਾਬ ਦੇ ਦਿਉ, ਮੈਂ ਤਾਂ ਇਹੀ ਆਸ਼ਵਾਸਨ ਮੰਗਦਾ ਹਾਂ।

ਨਿਸ਼ਾਨ ਵਾਲਾ ਪ੍ਰਸ਼ਨ ਨੰ. : 1639*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ ।

ਸਰਬਸੰਮਤੀ ਨਾਲ ਚੁਣੀਆਂ ਗਈਆਂ ਗ੍ਰਾਮ ਪੰਚਾਇਤਾਂ ਨੂੰ ਗ੍ਰਾਂਟਾਂ ਦੇਣਾ

***1682. ਰਾਣਾ ਗੁਰਜੀਤ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਸਾਲ 2008 ਵਿੱਚ ਸਰਬਸੰਮਤੀ ਨਾਲ ਚੁਣੀ ਗਈ ਹਰ ਇੱਕ ਗ੍ਰਾਮ ਪੰਚਾਇਤ ਨੂੰ ਤਿੰਨ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਦੀ ਪਾਲਿਸੀ ਬਣਾਈ ਸੀ, ਜੇਕਰ ਅਜਿਹਾ ਹੋਵੇ ਤਾਂ ਜ਼ਿਲ੍ਹਾ ਕਪੂਰਥਲਾ ਵਿੱਚ ਕ੍ਰਮਵਾਰ ਪਿੰਡ (ਚੂਹੜਵਾਲਾ) ਅਤੇ ਸੁਭਾਨਪੁਰ ਦੀਆਂ ਗ੍ਰਾਮ ਪੰਚਾਇਤਾਂ ਨੂੰ ਉਕਤ ਗ੍ਰਾਂਟ ਦੀ ਕੋਈ ਅਦਾਇਗੀ ਨਾ ਕੀਤੇ ਜਾਣ ਦੇ ਕੀ ਕਾਰਨ ਹਨ ?

---

*For Starred Question No. 1639 and reply thereto, please see appendix to this debates.

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਹਾਂ ਜੀ, ਸਰਕਾਰ ਨੇ ਸਾਲ 2008 ਵਿੱਚ ਸਰਬਸੰਮਤੀ ਨਾਲ ਚੁਣੀ ਗਈ ਹਰ ਇੱਕ ਗ੍ਰਾਮ ਪੰਚਾਇਤ ਨੂੰ ਤਿੰਨ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਦੀ ਪਾਲਿਸੀ ਬਣਾਈ ਸੀ । ਜ਼ਿਲ੍ਹਾ ਕਪੂਰਥਲਾ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਾਰੀਆਂ ਪੰਚਾਇਤਾਂ ਸਮੇਤ ਕੋਠੀ ਪਿੰਡ (ਚੂਹੜਵਾਲਾ) ਅਤੇ ਸੁਭਾਨਪੁਰ ਨੂੰ ਤਿੰਨ-ਤਿੰਨ ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾ ਚੁੱਕੀ ਹੈ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਸਾਲ 2008 ਵਿਚ ਪੰਚਾਇਤਾਂ ਚੁਣੀਆਂ ਗਈਆਂ ਸਨ। ਸਰਕਾਰ ਨੇ ਫੈਸਲਾ ਕੀਤਾ ਸੀ ਕਿ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 3 ਲੱਖ ਰੁਪਿਆ ਦਿੱਤਾ ਜਾਵੇਗਾ। ਸਾਲ 2013 ਤੱਕ ਉਨ੍ਹਾਂ ਪੰਚਾਇਤਾਂ ਦਾ ਟਾਈਮ ਵੀ ਮੁੱਕ ਗਿਆ ਪ੍ਰੰਤੂ ਉਨ੍ਹਾਂ ਨੂੰ ਪੈਸਾ ਨਹੀਂ ਦਿੱਤਾ ਗਿਆ। ਕੋਰਟ ਵਿਚ ਕੇਸ ਹੋਇਆ ਅਤੇ ਕੋਰਟ ਰਾਹੀਂ 84 ਕਰੋੜ ਅਤੇ ਕੁਝ ਲੱਖ ਰੁਪਏ ਦਿੱਤੇ ਗਏ। ਤੁਸੀਂ ਯਕੀਨ ਮੰਨਿਉ ਕਿ ਜਿਸ ਦਿਨ ਸਵਾਲ ਲਾਇਆ ਗਿਆ, ਜਵਾਬ ਦੇਣ ਲਈ ਇਨ੍ਹਾਂ ਨੇ ਕਪੂਰਥਲਾ ਜ਼ਿਲ੍ਹੇ ਨੂੰ ਲਿਖਿਆ ਅਤੇ ਇਨ੍ਹਾਂ ਨੂੰ ਭਾਜੜਾਂ ਪੈ ਪਈਆਂ ਕਿ ਹੁਣ ਪੈਸਾ ਦੇਣਾ ਪੈਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੰਟੈਂਪਟ ਆਫ ਕੋਰਟ ਹੋਇਆ ਹੈ। ਇਨ੍ਹਾਂ ਦੇ ਹਲਕਾ ਇੰਚਾਰਜ........(ਵਿਘਨ) ਉਸ ਦੇ ਕਹਿਣ ਤੇ ਗਰਾਂਟਾਂ ਰੁਕਦੀਆਂ ਹਨ। ਮਾੜੇ ਕੰਮ ਨਾ ਕਰੋ..... (ਵਿਘਨ)....

ਮਾਨਯੋਗ ਸਪੀਕਰ : ਤੁਸੀਂ ਉਨ੍ਹਾਂ ਦਾ ਜਵਾਬ ਨਹੀਂ ਪੜ੍ਹਿਆ। ਉਨ੍ਹਾਂ ਨੇ ਕਿਹਾ ਹੈ ਕਿ ਗਰਾਂਟਾਂ ਦੇ ਦਿੱਤੀਆਂ ਗਈਆਂ ਹਨ।

ਰਾਣਾ ਗੁਰਜੀਤ ਸਿੰਘ : ਕਿਤੇ ਡਿਪਾਰਟਮੈਂਟਾਂ ਵਿਚ ਹੜਤਾਲਾਂ ਹੋ ਰਹੀਆਂ ਹਨ। (ਵਿਘਨ) ਲੋਕਾਂ ਵੱਲੋਂ ਨਕਾਰੇ ਹੋਏ ਇਨ੍ਹਾਂ ਦੇ ਹਲਕਾ ਇੰਚਾਰਜ ਗਰਾਂਟਾਂ ਰੋਕਦੇ ਹਨ। ਮੇਰੀ ਬੇਨਤੀ ਹੈ ਕਿ ਗਰਾਂਟਾਂ ਰੋਕਣ ਨਾਲ ਵੋਟਾਂ ਨਹੀਂ ਮਿਲ ਸਕਦੀਆਂ। ਤੁਸੀਂ ਇਸ ਤੇ ਗੌਰ ਕਰੋ ਜੀ। (ਵਿਘਨ)... ਅਜੇ ਤੱਕ ਉਨ੍ਹਾਂ ਦੇ ਚੈਕ ਕੈਸ਼ ਨਹੀਂ ਹੋਏ। ਕੀ ਮੰਤਰੀ ਜੀ ਕੋਈ ਡੇਟ ਦੱਸ ਸਕਦੇ ਹਨ ਕਿ ਉਨ੍ਹਾਂ ਦੇ ਚੈਕ ਕਦੋਂ ਦਿੱਤੇ ਗਏ ਸਨ? ਇਸ ਪਵਿੱਤਰ ਸਦਨ ਵਿਚ ਡੇਟ ਦੱਸ ਦੇਣ ਕਿ ਇਨ੍ਹਾਂ ਪੰਚਾਇਤਾਂ ਨੂੰ ਕਦੋਂ ਚੈੱਕ ਜਾਰੀ ਕੀਤੇ ਗਏ ਸਨ?

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਤੁਸੀਂ ਤਾਰੀਖ ਬਾਰੇ ਦੱਸ ਸਕਦੇ ਹੋ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਜਿਹੜੀਆਂ ਦੋ ਪੰਚਾਇਤਾਂ ਦੀ ਗੱਲ ਕਰਦੇ ਹਨ, ਉਨ੍ਹਾਂ ਦਾ ਨਾਂ ਪਹਿਲਾਂ ਕਿਤੇ ਗਲਤੀ ਨਾਲ ਲਿਸਟ ਵਿਚ ਨਹੀਂ ਪਿਆ ਸੀ ਪਰ ਬਾਅਦ ਵਿਚ ਜਦੋਂ ਪਤਾ ਲੱਗਾ ਅਤੇ ਕਲੈਰੀਫਿਕੇਸ਼ਨ ਹੋਈ ਕਿ ਦੋ ਪੰਚਾਇਤਾਂ ਰਹਿੰਦੀਆਂ ਹਨ ਜਿਹੜੀਆਂ ਕਿ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ, ਉਨ੍ਹਾਂ ਦੇ ਅਕਾਊਂਟ ਵਿਚ ਪੈਸੇ ਜਮ੍ਹਾਂ ਕਰਵਾ ਦਿੱਤੇ ਗਏ ਹਨ। ਪਹਿਲਾਂ ਮਿਤੀ 13.1.2014 ਨੂੰ ਚੈਕ ਜਾਰੀ ਕੀਤੇ ਗਏ ਸਨ ਪਰ ਇਨ੍ਹਾਂ ਪੰਚਾਇਤਾਂ ਨੇ ਚੈਕ ਕੈਸ਼ ਨਹੀਂ ਸਨ ਕਰਵਾਏ। ਫਿਰ ਅਸੀਂ ਸਿੱਧੇ ਹੀ ਪੈਸੇ ਪੰਚਾਇਤਾਂ ਦੇ ਅਕਾਊਂਟ ਵਿਚ ਪਾ ਦਿੱਤੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਨਹੀਂ ਜੀ, ਰਾਣਾ ਜੀ। ਪੈਸੇ ਦੇ ਦਿੱਤੇ ਗਏ ਹਨ।

ਰਾਣਾ ਗੁਰਜੀਤ ਸਿੰਘ : ਕਿਤੇ ਚੈਕ ਖਜ਼ਾਨਾ ਖਾਲੀ ਹੋਣ ਕਾਰਨ ਤਾਂ ਕੈਸ਼ ਨਹੀਂ ਹੋਏ?

ਮੰਤਰੀ : ਰਾਣਾ ਜੀ, ਜੇਕਰ ਚੈਕ ਬਾਊਂਸ ਹੋ ਜਾਂਦਾ ਹੈ ਅਤੇ ਕੈਸ਼ ਨਹੀਂ ਹੁੰਦਾ ਤਾਂ ਕੇਸ ਵੀ ਕੀਤਾ ਜਾ ਸਕਦਾ ਹੈ। ਤੁਸੀਂ ਸਾਡੇ ਤੇ ਕੇਸ ਕਰ ਦਿਉ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ... ।

ਮਾਨਯੋਗ ਸਪੀਕਰ : ਚੰਨੀ ਜੀ, ਤੁਸੀਂ ਬੈਠ ਜਾਉ। ਤੁਹਾਡਾ ਇਸ ਨਾਲ ਕੋਈ ਸਬੰਧ ਨਹੀਂ ਹੈ। (ਵਿਘਨ) ਨਹੀਂ ਜੀ, ਨਹੀਂ। ਤੁਸੀਂ ਆਪਣਾ ਸੈਪਰੇਟ ਕੁਐਸਚਨ ਦੇ ਦਿਓ । ਅਗਲਾ ਸਵਾਲ ।

ਕਸਬਾ ਬੱਸੀ ਪਠਾਣਾ ਅਤੇ ਖਮਾਣੋਂ ਦਾ ਸੀਵਰੇਜ ਸਿਸਟਮ ਚਾਲੂ ਕਰਨਾ

***1642. ਜਸਟਿਸ ਨਿਰਮਲ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਕਸਬਾ ਬੱਸੀ ਪਠਾਣਾ ਦੇ ਸੀਵਰੇਜ ਸਿਸਟਮ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ,

(ਅ) ਕੀ ਖਮਾਣੋਂ ਦਾ ਸੀਵਰੇਜ ਸਿਸਟਮ ਬਣਾਉਣ ਸੰਬੰਧੀ ਵੀ ਸਰਕਾਰ

ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਕਦੋਂ ਤੱਕ ?

ਸ਼੍ਰੀ ਅਨਿਲ ਜੋਸ਼ੀ : (ੳ) ਅਤੇ (ਅ) ਕਸਬਾ ਬੱਸੀ ਪਠਾਣਾ ਵਿੱਚ ਸੀਵਰੇਜ ਸਿਸਟਮ ਦਾ ਨੀਂਹ ਪੱਥਰ 28 ਫਰਵਰੀ, 2014 ਨੂੰ ਰੱਖਿਆ ਗਿਆ ਸੀ । ਇਸ ਕਸਬੇ ਅਤੇ ਖਮਾਣੋਂ ਕਸਬੇ ਦੇ ਸੀਵਰੇਜ ਸਿਸਟਮ ਸੰਬੰਧੀ ਡਿਟੇਲਡ ਪ੍ਰਾਜੈਕਟ ਰਿਪੋਰਟਾਂ ਭਾਰਤ ਸਰਕਾਰ ਦੀ ਯੂ.ਆਈ.ਡੀ.ਐਸ.ਐਸ.ਐਮ ਦੀ ਸਕੀਮ ਅਧੀਨ ਤਿਆਰ ਕੀਤੀਆਂ ਗਈਆਂ ਸਨ, ਪਰੰਤੂ ਭਾਰਤ ਸਰਕਾਰ ਵੱਲੋਂ ਇਹ ਸਕੀਮ ਵਾਪਸ ਲਏ ਜਾਣ ਕਾਰਨ ਪ੍ਰਵਾਨ ਨਹੀਂ ਹੋ ਸਕੀਆਂ ।

ਸੀਵਰੇਜ ਬੋਰਡ ਵੱਲੋਂ ਦੁਬਾਰਾ ਡਿਟੇਲਡ ਪ੍ਰਾਜੈਕਟ ਰਿਪੋਰਟਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ। ਭਾਰਤ ਸਰਕਾਰ ਵੱਲੋਂ ਸ਼ਹਿਰਾਂ ਦੇ ਵਿਕਾਸ ਲਈ ਕਿਸੇ ਸਕੀਮ ਦੀ ਘੋਸ਼ਣਾ ਹੋਣ ਤੇ ਦੋਵੇਂ ਕਸਬਿਆਂ ਲਈ ਇਹ ਕੰਮ ਕਰਵਾਉਣ ਲਈ ਇਹ ਪ੍ਰਾਜੈਕਟ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜ ਦਿੱਤੇ ਜਾਣਗੇ ।

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਯੂ.ਆਈ.ਡੀ.ਐਸ.ਐਸ.ਐਮ.ਟੀ. ਦੀ ਫੁੱਲ ਫਾਰਮ ਕੀ ਹੈ? ਇਸ ਬਾਰੇ ਦੱਸਿਆ ਜਾਵੇ। (ਆਪੋਜ਼ੀਸ਼ਨ ਵੱਲੋਂ ਥੰਪਿੰਗ) ਇਹ ਵੀ ਦੱਸਿਆ ਜਾਵੇ ਕਿ ਕੀ ਇਹ ਸਕੀਮ ਫਾਊਂਡੇਸ਼ਨ ਸਟੋਨ ਰੱਖਣ ਤੋਂ ਪਹਿਲਾਂ ਜਾਂ ਬਾਅਦ ਵਿਚ ਵਿਦਡਰਾਅ ਕੀਤੀ ਗਈ ਸੀ? ਜੇਕਰ ਵਿਦਡਰਾਅ ਹੋ ਗਈ ਹੈ ਤਾਂ ਜਿਹੜੀ ਨਵੀਂ ਸਕੀਮ ਬਣਾ ਰਹੇ ਹੋ, ਇਸ ਸਕੀਮ ਅਧੀਨ ਕਦੋਂ ਤੱਕ ਸੀਵਰੇਜ ਸਿਸਟਮ ਨੂੰ ਚਾਲੂ ਕਰੋਗੇ। ਇਸ ਦੀ ਕਮੈਂਸਮੈਂਟ ਹੀ ਦੱਸ ਦਿਉ ਕਿ ਕਦੋਂ ਸ਼ੁਰੂ ਕਰੋਗੇ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ, ਇਸ ਦਾ ਨਾਂ ਹੈ : ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨ। ਇਹ ਕੇਂਦਰ ਸਰਕਾਰ ਦੀ ਸਕੀਮ ਹੈ । ਇਸ ਨੂੰ ਭਾਰਤ ਸਰਕਾਰ ਨੇ ਪਹਿਲਾਂ ਪਾਸ ਕੀਤਾ ਸੀ ਤੇ ਫਿਰ ਇਸ ਨੂੰ ਵਾਪਸ ਲੈ ਲਿਆ ਸੀ ਕਿਉਂਕਿ ਕੋਡ ਲੱਗ ਗਿਆ ਸੀ । ਮੇਰੀ ਬੇਨਤੀ ਹੈ ਕਿ ਇਸ ਸੰਬੰਧੀ ਅਸੀਂ ਨੀਂਹ ਪੱਥਰ ਵੀ ਰੱਖੇ ਸੀ । ਇੱਕ ਵਾਰੀ ਤਾਂ ਇਹ ਸਾਰੀਆਂ ਸਕੀਮਾਂ ਅਪਰੂਵ ਵੀ ਹੋ ਗਈਆਂ ਸਨ ਪਰ ਹੁਣ ਇਸ ਸਮੇਂ ਜਿਹੜੀਆਂ ਸਕੀਮਾਂ ਹਨ, ਇਹ ਬਹੁਤ ਹੀ ਵਧੀਆ ਹਨ । (ਵਿਘਨ) (ਸ਼ੋਰ)

Mr. Speaker : Please silence. ਨਾਗਰਾ ਜੀ, ਤੁਸੀਂ ਪਹਿਲਾਂ ਹੀ ਖੜ੍ਹੇ ਹੋ ਗਏ ਹੋ । Please sit down.

ਮੰਤਰੀ : ਸਪੀਕਰ ਸਾਹਿਬ, ਬਹੁਤ ਵਧੀਆ ਸਕੀਮਾਂ ਹਨ । ਜਵਾਹਰ ਲਾਲ ਅਰਬਨ ਰਿਨਿਊ ਮਿਸ਼ਨ 31.3.2014 ਨੂੰ ਸਮਾਪਤ ਹੋ ਗਿਆ ਸੀ । ਕੇਂਦਰ ਵਿੱਚ ਨਵੀਂ ਸਰਕਾਰ ਨੇ ਕਸਬਿਆਂ ਅਤੇ ਅਰਬਨ ਇਨਫਰਾਸਟਰਕਚਰ ਦੇ ਵਿਕਾਸ ਲਈ ਹੇਠ ਲਿਖੀਆਂ ਸਕੀਮਾਂ ਦੀ ਘੋਸ਼ਣਾ ਕੀਤੀ ਹੈ :

ਸਮਾਰਟ ਸਿਟੀ : 100 ਸ਼ਹਿਰ । ਇਸ ਤੋਂ ਇਲਾਵਾ ਅਰਬਨ ਡਿਵੈਲਪਮੈਂਟ ਮਿਸ਼ਨ ਵਿੱਚ 500 ਸ਼ਹਿਰ ਹਨ । ਹੈਰੀਟੇਜ ਸਿਟੀ ਡਿਵੈਲਪ ਵੀ ਕਰਨੇ ਹਨ । ਇਨ੍ਹਾਂ ਸਕੀਮਾਂ ਵਿੱਚ ਸਾਲ 2022 ਤੱਕ ਸਾਰਿਆਂ ਨੂੰ ਮਕਾਨ ਦੇਣੇ ਹਨ ਤੇ ਸਵੱਛ ਭਾਰਤ ਦਾ ਮਿਸ਼ਨ ਹਨ। ਇਨ੍ਹਾਂ ਸੰਬੰਧੀ ਹੁਣ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਇਹ ਸਕੀਮਾਂ ਬੜੇ ਵਧੀਆ ਤਰੀਕੇ ਨਾਲ 75 : 25 ਦੀ ਰੇਸ਼ੋ ਨਾਲ ਸ਼ੁਰੂ ਹੋਣੀਆਂ ਹਨ। (ਵਿਘਨ)

Mr. Speaker : Please silence.

ਮੰਤਰੀ : ਮਾਨਯੋਗ ਸੀ. ਐਮ. ਸਾਹਿਬ ਨੇ 100 ਪਰਸੈਂਟ ਦਾ ਟਾਰਗੈਟ ਦਿੱਤਾ ਹੈ ਕਿ ਅਸੀਂ ਆਪਣੀ ਸਰਕਾਰ ਦੇ ਸਮੇਂ ਵਿੱਚ ਸਾਰਾ ਟਾਰਗੈਟ ਪੂਰਾ ਕਰਾਂਗੇ । (ਵਿਘਨ)

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਸਵਾਲ ਸੀ ਕਿ ਇਨ੍ਹਾਂ ਦੋਹਾਂ ਕਸਬਿਆਂ ਵਿੱਚ ਕਿਸ ਡੇਟ ਤੱਕ ਇਨ੍ਹਾਂ ਸਕੀਮਾਂ ਵਿੱਚ ਸੀਵਰੇਜ ਪਾਉਣਾ ਸ਼ੁਰੂ ਹੋਵੇਗਾ ? ਮੇਰਾ ਸਪੈਸੇਫਿਕ ਕੁਐਸਚਨ ਹੈ । ਮੈਂ ਇਹ ਨਹੀਂ ਪੁੱਛਿਆ ਕਿ ਤੁਹਾਡੀਆਂ ਸਕੀਮਾਂ ਅਧੀਨ ਕਿਹੜੇ ਕਿਹੜੇ ਪ੍ਰਾਜੈਕਟ ਹਨ ਬਲਕਿ ਮੇਰਾ ਤਾਂ ਸਪੈਸੇਫਿਕ ਕੁਐਸਚਨ ਹੈ ਕਿ ਤੁਸੀਂ ਕਦੋਂ ਕਮੈਂਸ ਕਰਨਾ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਗੱਲ ਮੈਂਬਰ ਸਾਹਿਬ ਨੇ ਦੱਸੀ ਹੈ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੀਵਰੇਜ ਬੋਰਡ ਨੇ ਆਪਣੀਆਂ ਦੁਬਾਰਾ ਪ੍ਰਾਜੈਕਟ ਰਿਪੋਰਟਾਂ ਤਿਆਰ ਕਰ ਲਈਆਂ ਹਨ । ਭਾਰਤ ਸਰਕਾਰ ਵੱਲੋਂ ਜਿਸ ਵੇਲੇ ਵੀ ਸਕੀਮ ਸ਼ੁਰੂ ਹੋ ਗਈ, ਉਸੇ ਵੇਲੇ ਹੀ ਤੁਹਾਡੇ ਇਹ ਕਸਬੇ ਪਹਿਲਾਂ ਅਪਰੂਵ ਕਰਵਾ ਕੇ ਕੰਮ ਸ਼ੁਰੂ ਕਰ ਦੇਵਾਂਗੇ ਪਰ ਅਸੀਂ ਸਪੈਸੇਫਿਕ ਡੇਟ ਨਹੀਂ ਦੱਸ ਸਕਦੇ । ਪੈਸੇ ਵਾਧੂ ਆ ਜਾਣੇ ਹਨ । ਉਤੇ ਹੁਣ ਇਮਾਨਦਾਰ ਸਰਕਾਰ ਹੈ। (ਵਿਘਨ) ਉਥੇ ਹੁਣ ਖੁਰਦ-ਬੁਰਦ ਕਰਨ ਵਾਲੀ ਸਰਕਾਰ ਨਹੀਂ ਹੈ।

(ਵਿਘਨ) ਉੱਪਰ ਮੋਦੀ ਜੀ ਹਨ। ਤੁਹਾਡੇ ਆਪਣੇ ਬੰਦਿਆਂ ਨੇ ਮੋਦੀ ਜੀ ਕਿਹਾ ਹੈ । ਕਮਾਲ ਹੈ ਤੇ ਹੁਣ ਤੁਸੀਂ ਵਹਿਮ ਕਿਉਂ ਕਰਦੇ ਹੋ?

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਅਤੇ ਆਨਰੇਬਲ ਡਿਪਟੀ ਸੀ. ਐਮ. ਸਾਹਿਬ ਤੋਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਿਤੀ 26, 27 ਅਤੇ 28 ਫਰਵਰੀ ਨੂੰ ਕਿੰਨੇ ਨੀਂਹ ਪੱਥਰ ਰੱਖੇ ਗਏ ਸਨ, just prior to Lok Sabha elections. 1200 ਕਰੋੜ ਦੀ ਸਕੀਮ ਬਾਰੇ ਆਨ ਦੀ ਫਲੋਰ ਆਫ ਦਿ ਹਾਊਸ ਕਿਹਾ ਸੀ ਕਿ ਧੰਨਵਾਦ ਤਾਂ ਕਰ ਦਿਓ ਤੇ ਖੁਦ ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਤੁਸੀਂ ਜਾ ਕੇ ਧੰਨਵਾਦ ਕਰਕੇ ਆਏ ਹੋ ਜਦ ਕਿ ਸਕੀਮ ਤਾਂ ਮੈਂ ਅਪਰੂਵ ਕਰਵਾ ਕੇ ਲੈ ਕੇ ਆਇਆ ਹਾਂ । That is on record. I am not pushing for a Privilege Motion against Deputy Chief Minister because may be he was not aware. ਇਨ੍ਹਾਂ ਨੇ ਇਸ ਫਲੋਰ ਆਫ ਦਿ ਹਾਊਸ ਤੇ ਖੜ੍ਹ ਕੇ ਕਿਹਾ ਸੀ, ਇਹ ਸਕੀਮ ਤਾਂ ਪਿਛਲੇ ਸਾਲ ਹੀ ਖਤਮ ਹੋ ਗਈ ਸੀ, ਕਮਲ ਨਾਥ ਜੀ ਨੂੰ ਨਹੀਂ ਪਤਾ ਸੀ ਤੇ ਉਨ੍ਹਾਂ ਨੇ ਕਰ ਦਿੱਤਾ । All these schemes were submitted ਜਿਹੜੀਆਂ ਪੰਜਾਬ ਨੂੰ ਦਿੱਤੀਆਂ, ਉਨ੍ਹਾਂ ਵਿੱਚ ਪਹਿਲੀ ਅਬੋਹਰ ਦੀ ਸੀ ਤੇ I thank you for this ਕਿ ਤੁਸੀਂ ਕਿਹਾ ਸੀ ਕਿ ਮੈਂ ਅਬੋਹਰ ਦਾ ਸ਼ਤ ਪ੍ਰਤੀਸ਼ਤ ਸੀਵਰੇਜ ਕਰ ਦੇਵਾਂਗਾ । ਪਹਿਲੀ ਸਕੀਮ ਅਬੋਹਰ ਦੀ ਗਈ ਤੇ It was in the terminal phase of this Small and Medium Town Infrastructure Development Scheme ਉਸ ਦੇ ਤਹਿਤ Punjab was the last one. Even ਆਖਰੀ ਜਿਹੜੀ ਰਿਲੀਜ਼ ਹੋਈ ਹੈ, ਉਹ 28 ਫਰਵਰੀ ਨੂੰ ਹੋਈ ਸੀ । ਅੰਮ੍ਰਿਤਸਰ ਵਾਸਤੇ ਪੈਸੇ ਆਏ ਹਨ, ਹੋਰਨਾਂ ਵਾਸਤੇ ਆਏ ਹਨ । First he has to correct himself that the scheme was still operational. ਕਿਉਂ ਦੇਰੀ ਨਾਲ ਸਕੀਮਾਂ ਜਮ੍ਹਾਂ ਕਰਵਾਈਆਂ ਗਈਆਂ ? Does this government agree to it ? ਪੰਜਾਬ ਵਾਸਤੇ ਡਾ. ਮਨਮੋਹਨ ਸਿੰਘ ਜੀ ਜੋ ਕਰਕੇ ਗਏ ਹਨ, by making an exemption that these funds can be released only to an elected body. (ਵਿਘਨ) ਕੁਐਸਚਨ ਆਵਰ ਹੈ । ਸਾਰੇ ਸ਼ਹਿਰਾਂ ਵਿੱਚ ਲੱਗਣਾ ਹੈ । ਜਵਾਬ ਕਿਵੇਂ ਦਿਓਗੇ? ਇਕੱਲੀਆਂ ਪਿੰਡਾਂ ਦੀਆਂ ਵੋਟਾਂ ਨਹੀਂ ਪੈਣੀਆਂ, ਸ਼ਹਿਰਾਂ ਦੀਆਂ ਵੀ ਪੈਣੀਆਂ ਹਨ । ਸਪੀਕਰ ਸਾਹਿਬ, ਉਥੇ ਡਾ. ਮਨਮੋਹਨ ਸਿੰਘ ਜੀ ਨੇ ਐਗਜ਼ੈਂਪਮਸ਼ਨ ਦਿੱਤੀ । ਪੰਜਾਬ

[ਸ੍ਰੀ ਸੁਨੀਲ ਜਾਖੜ]

ਵਾਸਤੇ ਇਹ ਕਲਾਜ਼ ਹਟਾ ਦਿੱਤੀ ਜਾਵੇ ਤੇ money should be granted. ਇਹ ਐਨ. ਡੀ. ਏ. ਸਰਕਾਰ ਨੇ ਆ ਕੇ ਕੈਂਸਲ ਕੀਤੀ । ਉਸ ਤੋਂ ਬਾਅਦ ਮਾਨਯੋਗ ਮੁੱਖ ਮੰਤਰੀ ਜੀ ਬਾਅਦ ਵਿੱਚ ਜਾ ਕੇ ਸ੍ਰੀ ਵੈਂਕਈਆ ਨਾਇਡੂ ਜੀ ਨੂੰ ਮਿਲ ਕੇ ਆਏ ਹਨ । ਉਨ੍ਹਾਂ ਨੇ ਆ ਕੇ ਭਰੋਸਾ ਦਿੱਤਾ ਕਿ ਤੁਹਾਡੀਆਂ ਸਕੀਮਾਂ ਪਾਸ ਕਰ ਦਿਆਂਗੇ। based on that ਖੁਦ ਆਨਰੇਬਲ ਡਿਪਟੀ ਸੀ. ਐਮ. ਸਾਹਿਬ, is on record ਮੈਂ ਕਹੋ ਤਾਂ ਡੇਟ ਕੱਢ ਕੇ ਦੇ ਦਿੰਦਾ ਹਾਂ ਕਿ ਜਦੋਂ ਇਨ੍ਹਾਂ ਨੇ ਕਿਹਾ ਕਿ ਫਰਵਰੀ, 2014 ਤਾਂਈਂ all the cities of Punjab would have hundred percent sewerage. (ਵਿਘਨ) ਮੈਂ ਤੁਹਾਡੀ ਸਟੇਟਮੈਂਟ ਦੱਸਦਾ ਹਾਂ । ਮੈਂ ਅਖਬਾਰ ਵਾਲੀ ਗੱਲ ਨਹੀਂ ਕਰ ਰਿਹਾ, ਤੁਹਾਡੀ ਆਫੀਸ਼ੀਅਲ ਰਿਲੀਜ਼ ਦੱਸ ਰਿਹਾ ਹਾਂ । This is very serious.

Mr. Speaker : Jakhar ji, please address the Chair.

Shri Sunil Jakhar : I am addressing you, Sir. Through you, I want to know that he had committed to the people of Punjab that all the small and medium towns of Punjab would have 100% sewerage coverage and they would have sewerage treatment plants by December, 2015. Does he stand by his commitment ? Has the NDA withdrawn this scheme ? ਨਹੀਂ ਤਾਂ ਨੀਂਹ ਪੱਥਰਾਂ ਦੇ ਪੈਸੇ ਅਤੇ ਹੈਲੀਕਾਪਟਰਾਂ ਦੇ ਪੈਸੇ, ਕੀ ਦੋਨੋਂ ਆਨਰੇਬਲ ਮਨਿਸਟਰ ਅਤੇ ਡਿਪਟੀ ਸੀ.ਐਮ. ਸਰਕਾਰ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣਗੇ ?

Mr. Speaker : No, no.

Shri Sunil Jakhar : It is a very simple question, Speaker Sahib. ਸਰਕਾਰ ਦਾ ਪੈਸਾ ਲੱਗਿਆ ਹੈ। ਤੁਸੀਂ ਇੱਕ ਪੁਆਇੰਟ ਦੀ ਮੇਰੀ ਕਲੈਰਿਟੀ ਕਰ ਦਿਓ। ਅਕਾਲੀ ਰਿਜੀਮ, ਖੁਦ Hon'ble Chief Minister Sahib has been the Chief Minister for the 5th time now. ਡਿਪਟੀ ਸੀ.ਐਮ. ਸਾਹਿਬ ਨੂੰ ਦੂਜੀ ਟਰਮ ਹੋ ਗਈ ਹੈ, Is he not aware ਕਿ ਉਹ ਸਕੀਮ ਪਾਸ ਸੀ ਕਿ ਨਹੀਂ? ਇਨ੍ਹਾਂ ਨੇ ਜਾ ਕੇ ਪੱਥਰ ਲਗਾ ਦਿੱਤੇ। Is he not aware? If he is aware that it has been cleared....(interruption...) ਅਸੀਂ ਨਾਲ ਚਲਦੇ ਹਾਂ ਜਾਂ ਇਹ ਸਾਨੂੰ ਐਨ.ਡੀ.ਏ. ਕੋਲ ਨਾਲ ਲੈ ਕੇ ਜਾਣ।

ਜਾਂ ਤਾਂ ਅਸੀਂ ਚੱਲੀਏ। ਜੇ ਮੈਂ ਜਾ ਕੇ ਕਮਲ ਨਾਥ ਜੀ ਦਾ ਧੰਨਵਾਦ ਕਰ ਆਇਆ ਹਾਂ, ਜੇ ਤੁਸੀਂ ਕਹੋ ਤਾਂ ਮੋਦੀ ਸਾਹਿਬ ਕੋਲ ਚਲੇ ਚਲਦੇ ਹਾਂ, ਤੁਸੀਂ ਕਹੋ ਤਾਂ ਵੈਂਕਈਆ ਨਾਇਡੂ ਜੀ ਕੋਲ ਚਲੇ ਜਾਂਦੇ ਹਾਂ। ਤੁਸੀਂ ਜਵਾਬ ਤਾਂ ਲੈ ਕੇ ਦਿਓ, ਸਰ।

ਮਾਨਯੋਗ ਸਪੀਕਰ : ਸਰਦਾਰ ਜਗਮੋਹਨ ਸਿੰਘ ਜੀ, ਅਗਲਾ ਸਵਾਲ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਵਾਬ ਤਾਂ ਲੈ ਕੇ ਦਿਓ। ਉਹ ਚੁੱਪ ਹੋ ਗਏ ਹਨ। (ਵਿਘਨ) ਤੁਸੀਂ ਤਾਂ ਬੀ.ਜੇ.ਪੀ. ਵਾਲੀ ਪਾਲਿਸੀ ਅਪਨਾ ਲਈ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਜਾਖੜ ਸਾਹਿਬ, ਤੁਸੀਂ ਮੇਰਾ ਤਾਂ ਧੰਨਵਾਦ ਕੀਤਾ ਨਹੀਂ ...(ਵਿਘਨ)...... ਇੱਕ ਮਿੰਟ ਮੇਰੀ ਗੱਲ ਤਾਂ ਸੁਣੋ। ਜਾਖੜ ਸਾਹਿਬ, ਇੱਕ ਮਿੰਟ ਸੁਣ ਤਾਂ ਲਓ। ਤੁਹਾਡੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਨੀਂਹ ਪੱਥਰ ਮੈਂ ਰੱਖਿਆ ਸੀ। ਉਸ ਦੀ ਕੰਪਲੀਸ਼ਨ ਵੀ ਮੈਂ ਕਰਕੇ ਆਇਆ ਹਾਂ।

ਸ਼੍ਰੀ ਸੁਨੀਲ ਜਾਖੜ : ਤੁਸੀਂ ਟਰੀਟਮੈਂਟ ਪਲਾਂਟ ਦੀ ਗੱਲ ਕਰਦੇ ਹੋ ? ....(ਵਿਘਨ)...

ਉਪ ਮੁੱਖ ਮੰਤਰੀ : ਪਤਾ ਨਹੀਂ ਉਹ 32 ਕਰੋੜ ਰੁਪਏ ਜਾਂ ਕਿੰਨੇ ਦਾ ਸੀ .....(ਵਿਘਨ)....

ਸ਼੍ਰੀ ਸੁਨੀਲ ਜਾਖੜ : ਉਸ ਦਿਨ ਹਾਈ ਕੋਰਟ ਵਿੱਚ ਕੰਟੈਂਪਟ ਸੀ। I do not want to name the officer. ਸਾਡੇ ਆਨਰੇਬਲ ਪ੍ਰਿੰਸੀਪਲ ਸੈਕ੍ਰੇਟਰੀ ਨੇ ਆਨਰੇਬਲ ਚੀਫ ਮਨਿਸਟਰ ਦੇ ਸਾਹਮਣੇ ਬਸਤਾ ਸੁੱਟ ਦਿੱਤਾ ਕਿ ਮੈਂ ਸਵੇਰੇ ਪੇਸ਼ ਨਹੀਂ ਹੁੰਦਾ, ਨਹੀਂ ਤਾਂ 42 ਕਰੋੜ ਰੁਪਏ ਰਿਲੀਜ਼ ਕਰ ਦਿਓ। ਨਹੀਂ ਤਾਂ ਮੈਂ ਹਾਈ ਕੋਰਟ ਵਿੱਚ ਨਹੀਂ ਜਾਂਦਾ। He is sitting here in the lobby-Principal Secretary, Local Bodies. ਇਨ੍ਹਾਂ ਨੇ ਕਿਹਾ ਸੀ ਮੈਂ ਨਹੀਂ ਜਾਂਦਾ। ਤਾਂ ਪੈਸੇ ਰਿਲੀਜ਼ ਹੋਏ ਸੀ। ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ .....(ਵਿਘਨ).....

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਸੀਂ ਸਾਡੇ ਮਾਨਯੋਗ ਬੜੇ ਰਿਸਪੈਕਟਿਡ ਲੀਡਰ ਆਫ ਦਿ ਆਪੋਜ਼ੀਸ਼ਨ ਹੋ। ਤੁਹਾਡੇ ਨਾਲ ਸਾਡੀ ਕੁਮਿਟਮੈਂਟ

[ਉਪ ਮੁੱਖ ਮੰਤਰੀ]

ਸੀ ਕਿ ਤੁਹਾਡਾ ਸੀਵਰੇਜ ਟਰੀਟਮੈਂਟ ਪਲਾਂਟ ਅਸੀਂ ਬਣਾ ਕੇ ਦੇਣਾ ਹੀ ਦੇਣਾ ਹੈ ਅਤੇ ਬਣਾ ਕੇ ਦਿੱਤਾ ਹੈ। 32 ਕਰੋੜ ਰੁਪਏ ਦਾ ਅਸੀਂ ਬਣਾ ਕੇ ਦਿੱਤਾ ਹੈ। ....(ਵਿਘਨ).....

ਸ਼੍ਰੀ ਸੁਨੀਲ ਜਾਖੜ : ਕਦੋਂ ਬਣਾ ਕੇ ਦੇਣਾ ਹੈ ।ਸੀਵਰੇਜ ਟਰੀਟਮੈਂਟ ਪਲਾਂਟ was not your commitment. ਤੁਸੀਂ ਕਿਹਾ ਸੀ ਕਿ ਅਬੋਹਰ ਦਾ ਟੋਟਲ ਸੀਵਰੇਜ ਅਤੇ ਸਾਰੀਆਂ ਸੜਕਾਂ ਬਣਾ ਦੇਵਾਂਗਾ। 71 ਕਰੋੜ ਰੁਪਏ ਦਾ ਨੀਂਹ ਪੱਥਰ ਰੱਖ ਕੇ ਆਏ ਹੋ, ਉਸ ਦਾ ਦੱਸੋ। ਗੱਲ ਇਕੱਲੇ ਅਬੋਹਰ ਦੀ ਨਹੀਂ। ਸਪੀਕਰ ਸਾਹਿਬ, 1200 ਕਰੋੜ ਰੁਪਏ ਦਾ ....(ਵਿਘਨ).... ਸਪੀਕਰ ਸਾਹਿਬ, NDA is responsible......

ਮਾਨਯੋਗ ਸਪੀਕਰ : ਹਾਂ ਜੀ, ਜਗਮੋਹਨ ਸਿੰਘ ਕੰਗ ਜੀ। ...(ਵਿਘਨ)....

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਮੈਂ ਤੁਹਾਨੂੰ ਐਸ਼ੋਅਰ ਕਰਦਾ ਹਾਂ ਕਿ ਤੁਹਾਡੇ ਅਗਲੇ ਇਲੈਕਸ਼ਨ ਤੋਂ ਪਹਿਲਾਂ ਇਹੋ ਜਿਹਾ ਵਧੀਆ ਅਬੋਹਰ ਬਣਾ ਕੇ ਦੇਵਾਂਗੇ ਕਿ ਤੁਹਾਨੂੰ ਹਰਾ ਕੇ ਛੱਡਾਂਗੇ।

ਮਾਨਯੋਗ ਸਪੀਕਰ : ਸਰਦਾਰ ਜਗਮੋਹਨ ਸਿੰਘ ਕੰਗ ਜੀ। .....(ਵਿਘਨ)...... ਸਰਦਾਰ ਜਗਮੋਹਨ ਸਿੰਘ ਕੰਗ। ....(ਵਿਘਨ).....

ਮੰਤਰੀ : ਮੈਂ ਇਨ੍ਹਾਂ ਦੇ ਸਵਾਲ ਦਾ ਜਵਾਬ ਦੇ ਦਿੱਤਾ ਹੈ ਅਤੇ ਨਾਲ ਇਹ ਵੀ ਕਹਿ ਦਿੱਤਾ ਹੈ ਕਿ ਜੋ ਮਹੂਰਤ ਕੀਤੇ ਹਨ, ਉਹ ਕੰਮ ਕਰਾਂਗੇ, ਸਭ ਕੁਝ ਹੋਏਗਾ।

ਸ਼੍ਰੀ ਸੁਨੀਲ ਜਾਖੜ : ਕੀ ਤੁਸੀਂ ਨੀਂਹ ਪੱਥਰਾਂ ਦੇ ਪੈਸੇ ਦੇਵੋਂਗੇ .....(ਵਿਘਨ)....

ਮੰਤਰੀ : ਮੈਂ ਤਾਂ ਗਿਆ ਨਹੀਂ ......(ਹਾਸਾ).....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਵਾਕਿਆ ਹੀ ਮਜ਼ਾ ਆ ਗਿਆ।

ਮਾਨਯੋਗ ਸਪੀਕਰ : ਮਿੱਤਲ ਸਾਹਿਬ, ...(ਵਿਘਨ).... You are wasting the time. Questions Hour is going to be over, ਮੈਨੂੰ ਤਾਂ ਕੋਈ ਫਰਕ ਨਹੀਂ ਪੈਣਾ ।

ਸ਼੍ਰੀ ਸੁਨੀਲ ਜਾਖੜ : ਸਪੀਕ੍ਰਰ ਸਾਹਿਬ, ਮੈਂ ਤੁਹਾਨੂੰ ਲਿਖ ਕੇ ਦਿੱਤਾ ਹੈ। ਜੇਕਰ ਇਹ ਬਿਜ਼ਨਸ ਨਹੀਂ ਤਾਂ ਹੋਰ ਕੀ ਹੈ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਕੀ ਕੁਐਸਚਨ ਆਵਰ ਖਤਮ ਹੋ ਗਿਆ ਹੈ ਕਿਉਂਕਿ ਜਿਹੜੀ ਬਹਿਸ ਸ਼ੁਰੂ ਹੋ ਗਈ ਹੈ, ਇਸ ਤੋਂ ਲੱਗਦਾ ਹੈ ਕਿ ਇਹ ਕੁਐਸਚਨ ਚਾਹੁੰਦੇ ਨਹੀਂ ਹਨ। ਤੁਸੀਂ ਬਾਕੀ ਮੈਂਬਰਾਂ ਦਾ ਹੱਕ ਤਾਂ ਨਾ ਲਵੋ।

ਸ਼੍ਰੀ ਸੁਨੀਲ ਜਾਖੜ : ਜਦੋਂ ਸਮਾਂ ਆਵੇਗਾ ਤਾਂ ਤੁਹਾਡੇ ਕੋਲੋਂ ਵੀ ਜਵਾਬ ਲਵਾਂਗੇ। (ਵਿਘਨ) (ਸ਼ੋਰ)

ਸੰਸਦੀ ਮਾਮਲੇ ਮੰਤਰੀ : ਤੁਸੀਂ ਜੰਮੂ ਕਸ਼ਮੀਰ ਤੇ ਝਾਰਖੰਡ ਦੇ ਰਿਜ਼ਲਟ ਤਾਂ ਵੇਖੋ। ਤੁਸੀਂ ਵੇਖੋ ਉਥੇ ਕੀ ਹੋ ਰਿਹਾ ਹੈ, ਉਥੇ ਕੀ ਵਾਪਰ ਰਿਹਾ ਹੈ? (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ** ** ਬੋਲ ਰਹੇ ਸਨ।)

Mr. Speaker : Nothing should be recorded. Please sit down. ਮੇਰੇ ਕੋਲ ਕੁਐਸਚਨ ਬਹੁਤ ਹਨ । (ਵਿਘਨ) (ਸ਼ੋਰ) ਸਰਦਾਰ ਸਾਹਿਬ, Please sit down. please listen me. ਤੁਸੀਂ ਮੈਨੂੰ ਸੁਣ ਲਵੋ । ਮੇਰੇ ਕੋਲ ਕੁਐਚਸਨ ਬਹੁਤ ਹਨ । ਅਗਰ ਇਸੇ ਤਰ੍ਹਾਂ ਹੀ ਤੁਸੀਂ ਉਲਝੇ ਰਹੇ ਤਾਂ ਕੁਐਸਚਨ ਪੂਰੇ ਹੋਣੇ ਨਹੀਂ। (ਵਿਘਨ) (ਸ਼ੋਰ) ਕੁਐਸਚਨ ਪੂਰੇ ਹੋਣੇ ਨਹੀਂ । ਹਾਂ ਜੀ, ਰੱਖੜਾ ਸਾਹਿਬ ਜੀ।

ਹਲਕਾ ਖਰੜ ਵਿੱਚ ਨਵੇਂ ਟਿਊਬਵੈੱਲ ਲਗਾਉਣਾ

***1686. ਸਰਦਾਰ ਜਗਮੋਹਨ ਸਿੰਘ ਕੰਗ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਐਸ.ਏ.ਐਸ.ਨਗਰ/ਮੁਹਾਲੀ ਵਿੱਚ ਪੈਂਦੇ ਬਲਾਕ ਖਰੜ ਅਤੇ ਮਾਜਰੀ ਵਿੱਚ ਹੁਣ ਤੱਕ ਕਿਹੜੇ ਕਿਹੜੇ ਪਿੰਡਾਂ ਵਿੱਚ ਪੀਣ ਵਾਲੇ

** Not recorded as ordered by the Chair.

[ਸਰਦਾਰ ਜਗਮੋਹਨ ਸਿੰਘ ਕੰਗ]

ਪਾਣੀ ਦੇ ਟਿਊਬਵੈੱਲ ਚੱਲ ਰਹੇ ਹਨ ਅਤੇ ਕਿੱਥੇ ਕਿੱਥੇ ਟੈਂਕੀਆਂ ਲੱਗੀਆਂ ਹੋਈਆਂ ਹਨ;

(ਅ) ਵਿੱਤੀ ਸਾਲ 2014-15, 2015-16, 2016-17 ਵਿੱਚ ਇਨ੍ਹਾਂ ਬਲਾਕਾਂ ਵਿੱਚ ਕਿਹੜੇ ਕਿਹੜੇ ਪਿੰਡਾਂ ਵਿੱਚ ਕਿਹੜੀਆਂ ਕਿਹੜੀਆਂ ਸਕੀਮਾਂ ਤਹਿਤ ਹੋਰ ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ ?

ਸਰਦਾਰ ਸੁਰਜੀਤ ਸਿੰਘ ਰੱਖੜਾ : (ੳ) ਜ਼ਿਲ੍ਹਾ ਐਸ.ਏ.ਐਸ.ਨਗਰ ਦੇ ਖਰੜ ਬਲਾਕ ਦੇ 171 ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ 120 ਟਿਊਬਵੈੱਲਾਂ ਰਾਹੀਂ ਦਿੱਤੀ ਜਾ ਰਹੀ ਹੈ । ਇਸ ਬਲਾਕ ਵਿੱਚ 111 ਟੈਂਕੀਆਂ ਬਣੀਆਂ ਹੋਈਆਂ ਹਨ ਜਿਨ੍ਹਾਂ ਦਾ ਵੇਰਵਾ ਅਨੁਲੱਗ-ੳ** ਵਿੱਚ ਦਿੱਤਾ ਗਿਆ ਹੈ। ਮਾਜਰੀ ਬਲਾਕ ਦੇ 117 ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ 73 ਟਿਊਬਵੈੱਲਾਂ ਰਾਹੀਂ ਦਿੱਤੀ ਜਾ ਰਹੀ ਹੈ । ਇਸ ਬਲਾਕ ਵਿੱਚ 64 ਟੈਂਕੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਦਾ ਵੇਰਵਾ ਅਨੁਲੱਗ-ਅ** ਵਿੱਚ ਦਿੱਤਾ ਗਿਆ ਹੈ।

(ਅ) ਸਾਲ 2014-15 ਦੌਰਾਨ ਇਨ੍ਹਾਂ ਬਲਾਕਾਂ ਵਿੱਚ ਮਨਜ਼ੂਰ ਵਰਕ ਪ੍ਰੋਗਰਾਮ ਅਨੁਸਾਰ ਐਨ.ਆਰ.ਡੀ.ਡਬਲਿਊ.ਪੀ. ਅਧੀਨ ਕੁੱਲ 17 ਪਿੰਡਾਂ ਨੂੰ ਜਲ ਸਪਲਾਈ ਦੇਣ ਲਈ ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ । ਇਨ੍ਹਾਂ ਦਾ ਵੇਰਵਾ ਅਨੁਲੱਗ-ੲ** ਵਿੱਚ ਦਿੱਤਾ ਗਿਆ ਹੈ ।

ਸਾਲ 2015-16 ਅਤੇ 2016-17 ਦਾ ਵਰਕ ਪ੍ਰੋਗਰਾਮ ਅਜੇ ਫਾਈਨਲ ਨਹੀਂ ਹੋਇਆ ਹੈ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਟੈਂਕੀਆਂ ਬਣਾਈਆਂ ਗਈਆਂ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਆਬਾਦੀ ਬਹੁਤ ਵੱਧ ਚੁੱਕੀ ਹੈ ਔਰ ਜਿੰਨੀਆਂ ਟੈਂਕੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਨਾਲ ਮਸਲਾ ਹੱਲ ਨਹੀਂ ਹੁੰਦਾ, ਇਹ ਹੋਰ ਬਣਾਉਣ ਦੀ ਲੋੜ ਹੈ। ਕੀ ਮੰਤਰੀ ਜੀ ਐਸ਼ੋਰੈਂਸ਼ ਦੇਣਗੇ ਕਿ ਲੋੜੀਂਦੇ ਪਿੰਡਾਂ ਵਿਚ ਟੈਂਕੀਆਂ ਬਣਾ ਦੇਣਗੇ ? ਸਪੀਕਰ ਸਾਹਿਬ, ਦੂਸਰਾ ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ...

** Placed in the Revisor Branch.

ਮਾਨਯੋਗ ਸਪੀਕਰ : ਕੰਗ ਸਾਹਿਬ, ਪਹਿਲਾਂ ਤੁਸੀਂ ਇਕ ਸਪਲੀਮੈਂਟਰੀ ਪੁੱਛ ਲਵੋ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਇਸ ਦੇ ਨਾਲ ਹੀ ਸੰਬੰਧਿਤ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਾਲ 2014-15 ਵਿੱਚ ਐਨ.ਆਰ.ਡੀ.ਡਬਲਯੂ.ਡੀ. ਸਕੀਮ ਅਧੀਨ 17 ਪਿੰਡਾਂ ਨੂੰ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਮੇਰੇ ਹਲਕੇ ਖਰੜ ਵਿੱਚ ਛੋਟੀ ਵੱਡੀ ਨੰਗਲ, ਟਾਂਡਾ ਟਾਂਡੀ, ਬੜੀ ਕਰੌਰ, ਕਸੌਲੀ ਤੇ ਕਾਂਸਲ ਇਨ੍ਹਾਂ ਪਿੰਡਾਂ ਨੂੰ ਛੱਡ ਦਿੱਤਾ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਪਿੰਡਾਂ ਨੂੰ ਨਵੀਂ ਸਕੀਮ ਵਿਚ ਪਾਇਆ ਜਾਵੇਗਾ ?

ਮਾਨਯੋਗ ਸਪੀਕਰ : ਰੱਖੜਾ ਜੀ, ਇਹ ਜਿਹੜੇ ਚਾਰ ਪਿੰਡ ਛੱਡੇ ਗਏ ਹਨ ਤੇ ਇਸ ਲਿਸਟ ਵਿਚ ਨਹੀਂ ਆਏ, ਕੀ ਉਨ੍ਹਾਂ ਨੂੰ ਇਸ ਸਕੀਮ ਵਿਚ ਸ਼ਾਮਲ ਕਰ ਲਿਆ ਜਾਵੇਗਾ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਸਰਵੇ ਕਰਵਾ ਲਵਾਂਗੇ ਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਹੜਾ ਦੂਜਾ ਪ੍ਰਾਜੈਕਟ ਹੈ, ਉਸ ਵਿੱਚ ਇਨ੍ਹਾਂ ਨੂੰ ਪਾ ਕੇ ਕੰਮ ਚਲਾ ਦੇਈਏ।

ਮਾਨਯੋਗ ਸਪੀਕਰ : ਹਾਂ ਜੀ, ਚੰਨੀ ਸਾਹਿਬ, ਤੁਸੀਂ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ,...

ਮਾਨਯੋਗ ਸਪੀਕਰ : ਕੀ ਤੁਹਾਡੀ ਸਪਲੀਮੈਂਟਰੀ ਇਸੇ ਕੁਐਸਚਨ ਨਾਲ ਰਿਲੇਟਿਡ ਹੈ ? ਜੇ ਤਾਂ ਇਸ ਦੇ ਨਾਲ ਰਿਲੇਟਿਡ ਹੈ ਤਾਂ then I call.

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਇਸੇ ਨਾਲ ਰਿਲੇਟਿਡ ਗੱਲ ਕਰ ਰਿਹਾ ਹਾਂ, ਪਾਣੀ ਬਾਰੇ ਗੱਲ ਕਰ ਰਿਹਾ ਹਾਂ......

ਮਾਨਯੋਗ ਸਪੀਕਰ : ਹਾਂ ਜੀ, ਦੱਸੋ ।ਇਸ ਬਾਰੇ ਹੀ ਜੇ ਕੋਈ ਸਪਲੀਮੈਂਟਰੀ ਹੈ ਤਾਂ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜੇ ਤੁਸੀਂ ਕਹੋ ਤਾਂ ਮੈਂ ਬੈਠ ਹੀ ਜਾਂਦਾ ਹਾਂ।

ਮਾਨਯੋਗ ਸਪੀਕਰ : ਮੇਰਾ ਮਤਲਬ ਇਹ ਨਹੀਂ । ਜੇ ਇਸ ਨਾਲ ਸਬੰਧਿਤ ਹੈ ਤਾਂ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਨਾ, ਰਹਿਣ ਦਿਉ ਜੀ।

Mr. Speaker : Thank you ji.

ਨਿਸ਼ਾਨ ਵਾਲਾ ਪ੍ਰਸ਼ਨ ਨੰ. : 1641*

ਮਾਨਯੋਗ ਸਪੀਕਰ : ਇਸ ਸਵਾਲ ਦੀ ਐਕਸਟੈਂਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਹਾਂ ਜੀ, ਅਗਲਾ ਸਵਾਲ।

ਹਲਕਾ ਸ਼ੁਤਰਾਣਾ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨਾ

***1654. ਸ਼੍ਰੀਮਤੀ ਵਨਿੰਦਰ ਕੌਰ ਲੂੰਬਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸ਼ੁਤਰਾਣਾ (ਜ਼ਿਲ੍ਹਾ ਪਟਿਆਲਾ) ਦੇ ਸਕੂਲਾਂ ਵਿੱਚ ਵੱਖ-ਵੱਖ ਕੈਟਾਗਰੀਆਂ ਦੇ ਅਧਿਆਪਕਾਂ ਦੀ ਘਾਟ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ ?

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਮਾਨਯੋਗ ਮੈਂਬਰ ਜੀ ਦੇ ਪ੍ਰਸ਼ਨ ਨਾਲ ਸਹਿਮਤ ਹਾਂ ਕਿ ਸ਼ੁਤਰਾਣਾ ਹਲਕੇ ਵਿੱਚ ਕੁਝ ਅਧਿਆਪਕਾਂ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਸੁਭਾਵਿਕ ਹੈ। ਸਰਕਾਰ ਇਸ ਸਥਿਤੀ ਉੱਪਰ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਸੂਬੇ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ । ਹੁਣੇ ਹੁਣੇ ਹੀ ਸਰਕਾਰ ਵੱਲੋਂ ਵੱਖ ਵੱਖ ਵਿਸ਼ਿਆਂ ਦੇ ਕੁੱਲ 1847 ਨਵੇਂ ਭਰਤੀ ਕੀਤੇ ਗਏ ਅਧਿਆਪਕਾਂ ਵਿੱਚੋਂ 42 ਅਧਿਆਪਕ ਇਸ ਹਲਕੇ ਵਿੱਚ ਤਾਇਨਾਤ ਕੀਤੇ ਗਏ ਹਨ । ਇਸ ਸਮੇਂ ਵੱਖ ਵੱਖ ਵਿਸ਼ਿਆਂ ਦੇ 3013 ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ । ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਇਨ੍ਹਾਂ ਵਿੱਚੋਂ ਵੱਧ ਤੋਂ ਵੱਧ ਅਧਿਆਪਕ ਇਸ ਹਲਕੇ ਵਿੱਚ ਤਾਇਨਾਤ ਕੀਤੇ ਜਾਣ ।

ਸ਼੍ਰੀਮਤੀ ਵਨਿੰਦਰ ਕੌਰ ਲੂੰਬਾ : ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਜਿਹੜੇ 42

---

*For Starred Question No. 1641 and reply thereto, please see Appendix to this Debates.

ਟੀਚਰ ਹਾਈ ਸਕੂਲ ਤੇ ਮਿਡਲ ਸੂਕੂਲਾਂ ਵਿੱਚ ਭੇਜੇ ਹਨ। ਲੇਕਿਨ ਮੈਂ ਕਹਿਣਾ ਚਾਹੁੰਦੀ ਹਾਂ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਬਹੁਤ ਜ਼ਿਆਦਾ ਕਮੀ ਹੈ । ਖਾਸ ਕਰਕੇ ਜਿਹੜੇ ਪ੍ਰਾਇਮਰੀ ਸਕੂਲ ਹਨ, ਇਨ੍ਹਾਂ ਵਿੱਚ ਬਹੁਤ ਜ਼ਿਆਦਾ ਭਾਰੀ ਕਮੀ ਹੈ । ਮੈਂ ਇਕ ਦੋ ਉਦਾਹਰਣਾਂ ਦੇਣੀ ਚਾਹੁੰਦੀ ਹਾਂ ਕਿ ਇਕ ਸੁਭਾਸ਼ ਨਗਰ, ਸ਼ੁਤਰਾਣਾ ਦਾ ਸਕੂਲ ਹੈ, ਉੱਥੇ 150-175 ਦੇ ਕਰੀਬ ਬੱਚੇ ਹਨ ਪਰ ਉਥੇ ਤਿੰਨ ਸਾਲ ਤੋਂ ਸਿਰਫ ਇੱਕ ਹੀ ਟੀਚਰ ਹੈ । ਇਸੇ ਤਰ੍ਹਾਂ ਹੀ ਗੁਲਾੜ ਪਿੰਡ ਵਿੱਚ ਹਾਈ ਸਕੂਲ ਹੈ, ਉਥੇ 400 ਬੱਚੇ ਹਨ ਤੇ ਇੱਕ ਸਾਲ ਤੋਂ ਉਥੇ ਦੋ ਟੀਚਰ ਹੀ ਪੜ੍ਹਾ ਰਹੇ ਹਨ । ਇਸ ਕਰਕੇ ਮੈਂ ਦੁਬਾਰਾ ਸੀ.ਐਮ.ਸਾਹਿਬ, ਡਿਪਟੀ ਸੀ.ਐਮ.ਸਾਹਿਬ ਤੇ ਮੰਤਰੀ ਸਾਹਿਬ ਨੂੰ ਬੇਨਤੀ ਕਰਦੀ ਹਾਂ ਕਿ ਮੇਰੇ ਹਲਕੇ ਵਿੱਚ ਖਾਸ ਧਿਆਨ ਦੇ ਕੇ ਟੀਚਰਾਂ ਦੀ ਕਮੀ ਪੂਰੀ ਕੀਤੀ ਜਾਵੇ ਤਾਂ ਕਿ ਜਿਹੜਾ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ, ਉਹ ਨਾ ਹੋਵੇ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਹੜੇ ਸਕੂਲਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਪ੍ਰਾਇਰਟੀ ਦੇ ਅਧਾਰ ਤੇ ਉਨ੍ਹਾਂ ਵਿੱਚ ਟੀਚਰਾਂ ਦਾ ਯੋਗ ਪ੍ਰਬੰਧ ਕਰਾਂਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਪ੍ਰਾਇਮਰੀ ਤੱਕ ਪੰਜ ਕਲਾਸਾਂ ਹੁੰਦੀਆਂ ਹਨ ਅਤੇ ਆਮ ਤੌਰ ਤੇ ਇੱਕ ਟੀਚਰ ਹੀ ਉਨ੍ਹਾਂ ਨੂੰ ਪੜ੍ਹਾਉਂਦਾ ਹੈ। ਕਿਸ ਤਰ੍ਹਾਂ ਪੰਜ ਕਲਾਸਾਂ ਨੂੰ ਇੱਕ ਟੀਚਰ ਇੱਕ ਦਿਨ ਵਿੱਚ ਪੜ੍ਹਾ ਸਕਦਾ ਹੈ? ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕਿੰਨੇ ਪ੍ਰਾਇਮਰੀ ਸਕੂਲ ਹਨ ਅਤੇ ਇਨ੍ਹਾਂ ਸਕੂਲਾਂ ਵਿਚੋਂ ਕਿੰਨੇ ਸਿੰਗਲ ਟੀਚਰ ਚੱਲ ਰਹੇ ਹਨ, ਕਿੰਨੇ ਟੀਚਰਲੈੱਸ ਹਨ ਅਤੇ ਕਿੰਨੇ ਸਕੂਲਾਂ ਵਿੱਚ ਦੋ ਤੋਂ ਜ਼ਿਆਦਾ ਟੀਚਰ ਹਨ?

ਮੰਤਰੀ : ਸਪੀਕਰ ਸਾਹਿਬ, ਵੈਸੇ ਤਾਂ ਇਹ ਵੱਖਰਾ ਕੁਐਸਚਨ ਬਣਦਾ ਹੈ ਅਤੇ ਇਸ ਵਿਸ਼ੇ ਤੇ ਇਨ੍ਹਾਂ ਦੀ ਕਾਲ ਅਟੈਂਨਸ਼ਨ ਵੀ ਲੱਗੀ ਹੋਈ ਹੈ। ਜੇਕਰ ਕਹੋ ਤਾਂ ਮੈਂ ਹੁਣੇ ਜਵਾਬ ਦੇ ਦਿੰਦਾ ਹਾਂ।

ਮਾਨਯੋਗ ਸਪੀਕਰ : ਜੇਕਰ ਕਾਲ ਅਟੈਂਨਸ਼ਨ ਹੈ ਤਾਂ ਉਸ ਵੇਲੇ ਜਵਾਬ ਦੇ ਦਿੱਤਾ ਜਾਵੇ। ਨੈਕਸਟ ਕੁਐਸਚਨ।

ਫਿਰੋਜ਼ਪੁਰ ਵਿੱਚ ਅਨੁਸੂਚਿਤ ਜਾਤੀਆਂ ਨੂੰ ਧਰਮਸ਼ਲਾਵਾਂ ਬਣਾਉਣ / ਰਿਪੇਅਰ ਲਈ ਗਰਾਂਟ ਦੇਣਾ

***1648. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਾਲ 2012, 2013 ਅਤੇ 2014 ਤੋਂ ਹੁਣ ਤੱਕ ਅਨੁਸੂਚਿਤ ਜਾਤੀਆਂ ਦੀ ਵੱਸੋਂ ਵਾਲੇ ਕਿੰਨੇ ਪਿੰਡਾਂ ਨੂੰ ਨਵੀਆਂ ਧਰਮਸ਼ਾਲਾਵਾਂ ਬਣਾਉਣ / ਰਿਪੇਅਰ ਕਰਨ ਵਾਸਤੇ ਪਿੰਡ-ਵਾਰ ਕੁੱਲ ਕਿੰਨੀ-ਕਿੰਨੀ ਰਾਸ਼ੀ ਦਿੱਤੀ ਗਈ ਹੈ ?

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਾਲ 2012, 2013 ਅਤੇ 2014 ਤੋਂ ਹੁਣ ਤੱਕ ਅਨੁਸੂਚਿਤ ਜਾਤੀਆਂ ਦੀ ਵੱਸੋਂ ਵਾਲੇ ਪਿੰਡਾਂ ਨੂੰ ਨਵੀਆਂ ਧਰਮਸ਼ਾਲਾ ਬਣਾਉਣ / ਰਿਪੇਅਰ ਕਰਨ ਸੰਬੰਧੀ ਕੋਈ ਰਾਸ਼ੀ ਨਹੀਂ ਦਿੱਤੀ ਗਈ ਜੀ ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰਾ ਪਹਿਲਾਂ ਵੀ ਕੁਐਸਚਨ ਸੀ ਕਿ ਜਿਹੜੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਲੋਕ ਬੀ.ਪੀ.ਐਲ. ਤੋਂ ਰਹਿ ਗਏ ਹਨ, ਉਨ੍ਹਾਂ ਨੂੰ ਧਰਮਸ਼ਾਲਾ ਦੇਣ ਤੋਂ ਇਗਨੋਰ ਕੀਤਾ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਫੰਡ ਕਿਉਂ ਨਹੀਂ ਰੱਖੇ ਜਾਂਦੇ? ਮੈਂ ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ। ਜਦੋਂ ਪਿੰਡਾਂ ਵਿੱਚ ਅਸੀਂ ਜਾਂਦੇ ਹਾਂ ਤਾਂ ਲੋਕ ਸਾਡੇ ਤੋਂ ਜਵਾਬ ਮੰਗਦੇ ਹਨ ਪਰ ਸਾਨੂੰ ਕੋਈ ਜਵਾਬ ਨਹੀਂ ਆਉਂਦਾ। ਇਸ ਲਈ ਮੇਰੀ ਬੇਨਤੀ ਹੈ ਕਿ ਛੇਤੀ ਤੋਂ ਛੇਤੀ ਜ਼ਰੂਰ ਫੰਡ ਦੇਣੇ ਚਾਹੀਦੇ ਹਨ।

ਬੰਦ ਪਏ ਟੋਲ ਪਲਾਜ਼ਾ ਦਾ ਸਮਾਨ ਹਟਾਉਣਾ

***1644. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੁਰਾਲੀ ਵਿਖੇ ਬੰਦ ਹੋ ਚੁੱਕੇ ਟੋਲ ਪਲਾਜ਼ਾ ਦਾ ਸਮਾਨ ਜਾਂ ਬੋਲਡਰਜ਼ ਸੜਕ ਵਿਚਕਾਰੋਂ ਨਾ ਹਟਾਉਣ ਕਰਕੇ ਐਕਸੀਡੈਂਟ ਦਾ ਕਾਰਨ ਬਣਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸੰਬੰਧਿਤ ਸਮਾਨ ਸੜਕ ਤੋਂ ਕਦੋਂ ਤੱਕ ਹਟਾਇਆ ਜਾਵੇਗਾ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਟੋਲ ਪਲਾਜ਼ਾ ਕੁਰਾਲੀ ਵਾਲੀ ਥਾਂ ਉੱਤੇ ਬਣੇ ਸਟੱਰਕਚਰਜ਼ ਇਸ ਕਰਕੇ ਨਹੀਂ ਹਟਾਏ ਗਏ ਕਿਉਂਕਿ ਟੋਲ ਪਲਾਜ਼ਾ ਬੰਦ ਕਰਵਾਉਣ ਵਿਰੁੱਧ ਸੰਬੰਧਿਤ ਏਜੰਸੀ ਵੱਲੋਂ ਕੀਤਾ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਕੇਸ ਦਾ ਫੈਸਲਾ ਹੋ ਜਾਣ ਉਪਰੰਤ ਟੋਲ ਪਲਾਜ਼ਾ ਉੱਤੇ ਬਣੇ ਸਟੱਰਕਚਰਜ਼ ਹਟਾ ਦਿੱਤੇ ਜਾਣਗੇ ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਟੋਲ ਪਲਾਜ਼ਾ ਕਿੰਨੇ ਸਮੇਂ ਵਾਸਤੇ ਦਿੱਤੇ ਗਏ ਸਨ ਕਿਉਂਕਿ ਇਨ੍ਹਾਂ ਨੂੰ ਵਾਰ ਵਾਰ ਐਕਸਟੈਂਨਸ਼ਨ ਮਿਲਦੀ ਰਹੀ ਹੈ ? ਉਹ 10-15 ਸਾਲ ਲੋਕਾਂ ਤੋਂ ਪੈਸੇ ਲੈਂਦੇ ਰਹੇ ਪਰ ਹੁਣ ਕੀ ਹੋ ਰਿਹਾ ਹੈ ਕਿ ਜਿਹੜੇ ਸਟੱਰਕਚਰਜ਼ ਖੜ੍ਹੇ ਹਨ, ਉਨ੍ਹਾਂ ਕਾਰਨ ਬਹੁਤ ਕੀਮਤੀ ਜਾਨਾਂ ਜਾ ਰਹੀਆਂ ਹਨ। ਰਾਤ ਨੂੰ ਬਿਜਲੀ ਹੁੰਦੀ ਨਹੀਂ, ਧੁੰਦ ਕਾਰਨ ਐਕਸੀਡੈਂਟ ਹੁੰਦੇ ਹਨ, ਗੱਡੀ ਸਿੱਧੀ ਜਾ ਕੇ ਇਨ੍ਹਾਂ ਵਿੱਚ ਵੱਜਦੀ ਹੈ ਅਤੇ ਬੰਦਾ ਮਰ ਜਾਂਦਾ ਹੈ। ਕੀ ਉਸ ਨੁਕਸਾਨ ਦੀ ਭਰਪਾਈ ਸਰਕਾਰ ਕਰੇਗੀ?

ਮਾਨਯੋਗ ਸਪੀਕਰ : ਤੁਹਾਡਾ ਕੁਐਸਚਨ ਕੁਝ ਹੋਰ ਸੀ। ਇਸ ਦਾ ਕੇਸ ਹਾਈ ਕੋਰਟ ਵਿੱਚ ਹੈ, ਇਹ ਕੁਝ ਨਹੀਂ ਕਰ ਸਕਦੇ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਆਪਾਂ ਹਾਈ ਕੋਰਟ ਨੂੰ ਵੀ ਕਹਿ ਸਕਦੇ ਹਾਂ। ਸਰਕਾਰ ਨੇ ਇਹ ਕੇਸ ਲੜਨਾ ਹੈ, ਅਸੀਂ ਤਾਂ ਲੜਨਾ ਨਹੀਂ। ਸਰਕਾਰ ਨੇ ਇੰਨੇ ਵਕੀਲ ਹਾਇਰ ਕੀਤੇ ਹਨ, ਉਨ੍ਹਾਂ ਤੋਂ ਇਸ ਬਾਰੇ ਕੇਸ ਲੜਾਓ ਪਰ ਜਿਹੜੇ ਬੰਦੇ ਇਸ ਕਾਰਨ ਮਰ ਰਹੇ ਹਨ, ਉਨ੍ਹਾਂ ਦਾ ਕੀ ਕਸੂਰ ਹੈ ?

ਮਾਨਯੋਗ ਸਪੀਕਰ : ਮੰਤਰੀ ਜੀ ਦੱਸੋ, ਕੀ ਤੁਸੀਂ ਇਸ ਬਾਰੇ ਕੁਝ ਕਰ ਸਕਦੇ ਹੋ?

ਮੰਤਰੀ : ਸਪੀਕਰ ਸਾਹਿਬ, ਇਹ ਕੋਰਟ ਵਿੱਚ ਕੇਸ ਪੈਂਡਿੰਗ ਹੈ। ਅਸੀਂ ਇਸ ਵਿੱਚ ਕੁਝ ਨਹੀਂ ਕਰ ਸਕਦੇ।

ਸਰਦਾਰ ਬਲਬੀਰ ਸਿੰਘ ਸਿੱਧੂ : ਆਪਾਂ ਕੋਰਟ ਨੂੰ ਰਿਕੁਐਸਟ ਕਰ ਸਕਦੇ ਹਾਂ ਕਿ ਇਸ ਵਿੱਚ ਜਲਦੀ ਫੈਸਲਾ ਕਰੇ।

Mr. Speaker : We cannot compel. Next question.

ਕਣਕ ਦੀ ਕਾਸ਼ਤ ਲਈ ਰਕਬਾ ਤੈਅ ਕਰਨਾ

1677. ਰਾਣਾ ਗੁਰਜੀਤ ਸਿੰਘ : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਿਛਲੇ ਦੋ ਸੀਜ਼ਨਾਂ ਦੌਰਾਨ ਕਣਕ ਦੀ ਕਾਸ਼ਤ ਅਧੀਨ ਜ਼ਿਲ੍ਹਾ–ਵਾਰ ਕਿੰਨਾ ਕਿੰਨਾ ਰਕਬਾ ਲਿਆਂਦਾ ਗਿਆ ਅਤੇ ਸਾਲ 2014–15 ਦੌਰਾਨ ਕਣਕ ਦੀ ਕਾਸ਼ਤ ਅਧੀਨ ਲਿਆਉਣ ਲਈ ਕਿੰਨੇ ਰਕਬੇ ਦਾ ਟੀਚਾ ਹੈ;

(ਅ) ਕਿਸਾਨਾਂ ਨੂੰ ਸਪਲਾਈ ਕੀਤੇ ਗਏ ਪ੍ਰਤੀ ਏਕੜ ਫਾਊਂਡੇਸ਼ਨ ਬੀਜ ਅਤੇ ਪ੍ਰਮਾਣਿਤ ਬੀਜਾਂ ਦੀ ਜ਼ਿਲ੍ਹਾ–ਵਾਰ ਵੱਖ–ਵੱਖ ਮਾਤਰਾ ਕਿੰਨੀ–ਕਿੰਨੀ ਹੈ ਅਤੇ ਉਪਰੋਕਤ ਦਰਸਾਏ ਗਏ ਸਮੇਂ ਦੌਰਾਨ ਇਨ੍ਹਾਂ ਉੱਤੇ ਦਿੱਤੀ ਗਈ ਸਬਸਿਡੀ ਦੀ ਰਕਮ ਕਿੰਨੀ ਹੈ;

(ੲ) ਫਾਊਂਡੇਸ਼ਨ ਬੀਜ ਅਤੇ ਪ੍ਰਮਾਣਿਤ ਬੀਜ ਕਿਹੜੀਆਂ–ਕਿਹੜੀਆਂ ਏਜੰਸੀਆਂ ਤੋਂ ਕਿਸ ਦਰ ਤੇ ਖਰੀਦੇ ਗਏ / ਖਰੀਦੇ ਜਾ ਰਹੇ ਹਨ ?

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਕੁਐਸਚਨ ਆਵਰ ਖਤਮ ਹੋਣ ਵਿੱਚ ਸਿਰਫ ਚਾਰ ਮਿੰਟ ਰਹਿੰਦੇ ਹਨ ।

ਮਾਨਯੋਗ ਸਪੀਕਰ : ਇਨ੍ਹਾਂ ਨੂੰ ਜਵਾਬ ਪੜ੍ਹ ਲੈਣ ਦਿਉ। (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਮੈਂ ਪੁੱਛਿਆ ਸੀ.... (ਵਿਘਨ)

ਮਾਨਯੋਗ ਸਪੀਕਰ : ਇਨ੍ਹਾਂ ਨੂੰ ਸਵਾਲ ਦਾ ਜਵਾਬ ਤਾਂ ਦੇ ਲੈਣ ਦਿਉ। You are wasting your time.

Shri Sunil Jakhar : I am not wasting the time. Hon'ble minister has contradicted himself.

ਮਾਨਯੋਗ ਸਪੀਕਰ : ਇਨ੍ਹਾਂ ਨੂੰ ਜਵਾਬ ਪੂਰਾ ਕਰ ਲੈਣ ਦਿਉ।

ਸ਼੍ਰੀ ਸੁਨੀਲ ਜਾਖੜ : ਮੰਤਰੀ ਜੀ ਮੈਨੂੰ ਕਹਿ ਕੇ ਹਟੇ ਹਨ ਕਿ ਮੇਰੇ ਕੋਲ ਸਾਲ 2014-15 ਦੀ ਸਬਸਿਡੀ ਦੀ ਫਿੱਗਰ ਹੀ ਨਹੀਂ ਹੈ ਪਰ ਹੁਣ ਜਵਾਬ ਵਿੱਚ ਫਿੱਗਰ ਦੇ ਰਹੇ ਹਨ। Speaker Sahib, please be fair.

ਮਾਨਯੋਗ ਸਪੀਕਰ : ਅਜਿਹਾ ਨਹੀਂ ਹੈ। Please listen. (ਵਿਘਨ) ਜਦੋਂ ਜਵਾਬ ਆ ਰਿਹਾ ਹੈ ਤਾਂ ਪਹਿਲਾਂ ਤੁਸੀਂ ਸੁਣ ਲਵੋ।

ਸ਼੍ਰੀ ਸੁਨੀਲ ਜਾਖੜ : ਪਹਿਲਾਂ ਕਹਿੰਦੇ ਕਿ ਮੇਰੇ ਕੋਲ ਸਬਸਿਡੀ ਸਬੰਧੀ ਰਿਕਾਰਡ ਨਹੀਂ ਹੈ ਪਰ ਹੁਣ ਜਵਾਬ ਦੇ ਰਹੇ ਹਨ ....

ਮਾਨਯੋਗ ਸਪੀਕਰ : ਹੁਣ ਇਨ੍ਹਾਂ ਨੂੰ ਜਵਾਬ ਦੇ ਲੈਣ ਦਿਉ। ਜਦੋਂ ਮੰਤਰੀ ਸਾਹਿਬ ਜਵਾਬ ਦੇ ਰਹੇ ਹਨ ਤਾਂ ਸੁਣ ਲਵੋ। ਤੁਹਾਡੇ ਮੈਂਬਰ ਦਾ ਹੀ ਇਹ ਕੁਐਸਚਨ ਹੈ।

ਸਰਦਾਰ ਤੋਤਾ ਸਿੰਘ : ਕੈਲਕੁਲੇਟ ਹੋਣ ਸਬੰਧੀ ਮੈਂ ਕਿਹਾ ਸੀ ਕਿ ਸਬਸਿਡੀ ਇੰਨੀ ਆਈ ਹੈ। ਸਾਨੂੰ ਸੈਂਟਰ ਸਰਕਾਰ ਤੋਂ ਇਹ ਤਕਰੀਬਨ 35 ਕਰੋੜ ਰੁਪਏ ਆਈ ਹੈ ਔਰ ਇਹ ਅਜੇ ਵੰਡੀ ਜਾਣੀ ਹੈ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਆਪਣਾ ਕੁਐਸਚਨ ਪੁੱਛਣਾ ਚਾਹੁੰਦਾ ਹਾਂ...

ਮਾਨਯੋਗ ਸਪੀਕਰ : ਰਾਣਾ ਜੀ, ਪਹਿਲਾਂ ਜਵਾਬ ਤਾਂ ਆ ਲੈਣ ਦਿਉ।

ਮੰਤਰੀ : ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ :-

ਸਟੇਟਮੈਂਟ

(ੳ) ਪਿਛਲੇ ਦੋ ਸੀਜ਼ਨਾਂ ਦੌਰਾਨ ਸਾਲ 2012-13 ਅਤੇ 2013-14 ਵਿੱਚ 35.12 ਲੱਖ ਹੈਕਟੇਅਰ ਰਕਬਾ ਕਣਕ ਦੀ ਕਾਸ਼ਤ ਅਧੀਨ ਲਿਆਂਦਾ ਗਿਆ ਅਤੇ ਸਾਲ 2014-15 ਦੌਰਾਨ 34.70 ਲੱਖ ਹੈਕਟੇਅਰ ਰਕਬਾ ਕਣਕ ਦੀ ਕਾਸ਼ਤ ਅਧੀਨ ਲਿਆਉਣ ਦਾ ਟੀਚਾ ਹੈ । ਜ਼ਿਲ੍ਹਾਵਾਰ ਵੇਰਵੇ ਅਨੁਲੱਗ-ੳ ਅਨੁਸਾਰ ਨੱਥੀ ਹਨ ।

[ਖੇਤੀਬਾੜੀ ਮੰਤਰੀ]

(ਅ) ਸਾਲ 2012-13 ਦੌਰਾਨ 262760 ਕੁਇੰਟਲ ਕਣਕ ਦਾ ਪ੍ਰਮਾਣਿਤ ਬੀਜ ਅਤੇ ਸਾਲ 2013-14 ਦੌਰਾਨ ਕਣਕ ਦਾ 231206 ਕੁਇੰਟਲ ਪ੍ਰਮਾਣਿਤ ਬੀਜ ਕਿਸਾਨਾਂ ਨੂੰ ਸਬਸਿਡੀ ਤੇ ਵੰਡਿਆ ਗਿਆ । ਸਾਲ 2012-13 ਅਤੇ 2013-14 ਦੌਰਾਨ ਕ੍ਰਮਵਾਰ 1313.80 ਲੱਖ ਅਤੇ 1156.03 ਲੱਖ ਰੁਪਏ ਦੀ ਸਬਸਿਡੀ ਕਿਸਾਨਾਂ ਨੂੰ ਦਿੱਤੀ ਗਈ । ਸਾਲ 2014-15 ਦੌਰਾਨ 510325 ਕੁਇੰਟਲ ਕਣਕ ਦਾ ਪ੍ਰਮਾਣਿਤ ਬੀਜ ਕਿਸਾਨਾਂ ਨੂੰ ਸਬਸਿਡੀ ਤੇ ਵੰਡਿਆ ਗਿਆ ਜਿਸ ਦੀ ਸਬਸਿਡੀ ਦੀ ਰਕਮ 3572.28 ਲੱਖ ਰੁਪਏ ਬਣਦੀ ਹੈ । ਜ਼ਿਲ੍ਹਾਵਾਰ ਵੇਰਵਾ ਅਨੁਲੱਗ-ਅ ਅਨੁਸਾਰ ਨੱਥੀ ਹੈ । ਪਿਛਲੇ ਦੋ ਸੀਜ਼ਨਾਂ ਦੌਰਾਨ ਕਣਕ ਦਾ ਕੋਈ ਵੀ ਫਾਊਂਡੇਸ਼ਨ ਬੀਜ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਸਬਸਿਡੀ ਤੇ ਨਹੀਂ ਦਿੱਤਾ ਗਿਆ ।

(ੲ) ਕਣਕ ਦੇ ਇਹ ਪ੍ਰਮਾਣਿਤ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਨੈਸ਼ਨਲ ਸੀਡ ਕਾਰਪੋਰੇਸ਼ਨ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ, ਇਫਕੋ, ਕਰਿਭਕੋ ਅਤੇ ਪਨਸੀਡ ਦੀਆਂ ਏਜੰਸੀਆਂ ਰਾਹੀਂ ਕਿਸਾਨਾਂ ਨੂੰ ਵੰਡੇ ਗਏ । ਸਾਲ 2012-13 ਦੌਰਾਨ ਪਨਸੀਡ ਨੂੰ ਛੱਡ ਕੇ ਬਾਕੀ ਏਜੰਸੀਆਂ ਦੇ ਪ੍ਰਮਾਣਿਤ ਬੀਜ ਦਾ ਮੁੱਲ 2250/- ਰੁਪਏ ਪ੍ਰਤੀ ਕੁਇੰਟਲ ਸੀ ਅਤੇ ਪਨਸੀਡ ਵੱਲੋਂ ਪ੍ਰਾਈਵੇਟ ਉਤਪਾਦਕਾਂ ਤੋਂ ਖਰੀਦ ਕੇ ਸਬਸਿਡੀ ਤੇ ਵੰਡੇ ਗਏ ਪ੍ਰਮਾਣਿਤ ਬੀਜ ਦਾ ਮੁੱਲ 2000/- ਰੁਪਏ (ਡੀ.ਬੀ. ਡਬਲਿਊ-17, ਪੀ.ਬੀ.ਡਬਲਿਊ-502ਅਤੇ ਪੀ.ਬੀ.ਡਬਲਿਊ-550 ਕਿਸਮਾਂ) ਅਤੇ 2050/- ਰੁਪਏ (ਪੀ.ਬੀ.ਡਬਲਿਊ-621 ਅਤੇ ਪੀ.ਬੀ.ਡਬਲਿਊ-509 ਕਿਸਮਾਂ) ਪ੍ਰਤੀ ਕੁਇੰਟਲ ਸੀ । ਸਾਲ 2013-14 ਦੌਰਾਨ ਉਪਰੋਕਤ ਸਾਰੀਆਂ ਏਜੰਸੀਆਂ ਦੇ ਪ੍ਰਮਾਣਿਤ ਬੀਜ ਦਾ ਮੁੱਲ 2000/- ਰੁਪਏ (ਐਚ. ਡੀ.-2967), 1850/- ਰੁਪਏ (ਪੀ.ਬੀ.ਡਬਲਿਊ-502, ਪੀ.ਬੀ.ਡਬਲਿਊ-509 ਅਤੇ ਪੀ.ਬੀ.ਡਬਲਿਊ-590) ਅਤੇ 1650/- ਰੁਪਏ (ਪੀ.ਬੀ.ਡਬਲਿਊ-550 ਅਤੇ ਪੀ.ਬੀ.ਡਬਲਿਊ-621) ਪ੍ਰਤੀ ਕੁਇੰਟਲ ਸੀ । ਸਾਲ 2014-15 ਦੌਰਾਨ ਸਾਰੀਆਂ ਬੀਜ ਉਤਪਾਦਕ ਏਜੰਸੀਆਂ ਦੇ ਸਾਰੀਆਂ ਕਿਸਮਾਂ ਦੇ ਪ੍ਰਮਾਣਿਤ ਬੀਜਾਂ ਦਾ ਮੁੱਲ 2325/-ਰੁਪਏ ਪ੍ਰਤੀ ਕੁਇੰਟਲ ਸਨ ।

ਅਨੁਲੱਗ-ੳ

ਜ਼ਿਲ੍ਹਾਵਾਰ ਕਣਕ ਦੀ ਕਾਸ਼ਤ ਹੇਠ ਰਕਬੇ ਦੇ ਅੰਕੜੇ ਪੰਜਾਬ ਰਾਜ

ਰਕਬਾ 000 ਹੈਕ.

ਲੜੀ ਨੰ:	ਜ਼ਿਲ੍ਹਾ	ਕਣਕ ਹੇਠ ਕਾਸ਼ਤ ਰਕਬਾ		
		2012-13	2013-14	2014-15 (ਟੀਚੇ)
1	ਅੰਮ੍ਰਿਤਸਰ	188	188	186
2	ਬਰਨਾਲਾ	114	114	113
3	ਬਠਿੰਡਾ	254	254	250
4	ਫਰੀਦਕੋਟ	117	116	116
5	ਫਤਿਹਗੜ੍ਹ ਸਾਹਿਬ	84	84	83
6	ਫਾਜ਼ਿਲਕਾ	185	189	206
7	ਫਿਰੋਜ਼ਪੁਰ	208	211	183
8	ਗੁਰਦਾਸਪੁਰ	184	184	183
9	ਹੁਸ਼ਿਆਰਪੁਰ	149	148	147
10	ਜਲੰਧਰ	169	169	167
11	ਕਪੂਰਥਲਾ	110	111	109
12	ਲੁਧਿਆਣਾ	255	254	253
13	ਮਾਨਸਾ	171	170	169
14	ਮੋਗਾ	176	176	174
15	ਮੋਹਾਲੀ	53	51	53
16	ਮੁਕਤਸਰ	209	209	205
17	ਪਠਾਨਕੋਟ	42	42	41
18	ਪਟਿਆਲਾ	234	232	230
19	ਰੋਪੜ	63	67	62

[ਖੇਤੀਬਾੜੀ ਮੰਤਰੀ]

20	ਸੰਗਰੂਰ	285	285	282
21	ਸ਼ਹੀਦ ਭਗਤ ਸਿੰਘ ਨਗਰ	80	75	78
22	ਤਰਨਤਾਰਨ	182	183	180
	ਸਟੇਟ	**3512**	**3512**	**3470**

ਅਨੁਲੱਗ-ਅ

ਸਬਸਿਡੀ ਤੇ ਵੰਡੇ ਗਏ ਕਣਕ ਦੇ ਤਸਦੀਕਸ਼ੁਦਾ ਬੀਜ ਦੀ ਮਾਤਰਾ ਅਤੇ ਰਾਸ਼ੀ ਦਾ ਜ਼ਿਲ੍ਹਾਵਾਰ ਅਤੇ ਸਾਲਵਾਰ ਵੇਰਵਾ

ਲੜੀ ਨੰ:	ਜ਼ਿਲ੍ਹਾ	ਸਾਲ 2012-13		ਸਾਲ 2013-14		ਸਾਲ 2014-15	
		ਬੀਜ ਦੀ ਮਾਤਰਾ (ਕੁਇੰਟਲ)	ਸਬਸਿਡੀ ਦੀ ਰਕਮ (ਲੱਖਾਂ ਵਿੱਚ)	ਬੀਜ ਦੀ ਮਾਤਰਾ (ਕੁਇੰਟਲ)	ਸਬਸਿਡੀ ਦੀ ਰਕਮ (ਲੱਖਾਂ ਵਿੱਚ)	ਬੀਜ ਦੀ ਮਾਤਰਾ (ਕੁਇੰਟਲ	ਸਬਸੀਡੀ ਦੀ ਰਕਮ (ਲੱਖਾਂ ਵਿੱਚ)
1	ਅੰਮ੍ਰਿਤਸਰ	16764	83.82	16856	84.28	22773	159.41
2	ਬਰਨਾਲਾ	7918	39.59	6924	34.62	16863	118.04
3	ਬਠਿੰਡਾ	33650	168.25	22366	111.83	45892	321.24
4	ਫਰੀਦਕੋਟ	276	1.38	6920	34.60	10588	74.12
5	ਫਤਿਹਗੜ	98	0.49	3444	17.22	8276	57.93
6	ਫਿਰੋਜ਼ਪੁਰ	60844	304.22	34604	173.02	27289	191.02
7	ਫਾਜ਼ਿਲਕਾ	0		0		39380	275.66
8	ਗੁਰਦਾਸਪੁਰ	19094	95.47	13098	65.49	18933	132.53
9	ਹੁਸ਼ਿਆਰਪੁਰ	26404	132.02	24108	120.54	31843	222.90
10	ਜਲੰਧਰ	254	1.27	11300	56.50	15888	111.22
11	ਕਪੂਰਥਲਾ	2168	10.84	4656	23.28	12299	86.09

12	ਲੁਧਿਆਣਾ	30	0.15	7922	39.61	36021	252.15
13	ਮਾਨਸਾ	9604	48.02	9142	45.71	38477	269.34
14	ਮੁਕਤਸਰ	16348	81.74	13218	66.09	47301	331.10
15	ਮੋਗਾ	1950	9.75	7084	35.42	33448	234.14
16	ਮੋਹਾਲੀ	4010	20.05	3930	19.65	9578	67.05
17	ਨਵਾਂ ਸ਼ਹਿਰ	30	0.15	7484	37.42	13437	94.06
18	ਪਟਿਆਲਾ	6764	33.82	5832	29.16	14739	103.17
19	ਪਠਾਨਕੋਟ	0		0		4989	34.92
20	ਰੋਪੜ	6862	34.31	3444	17.22	9319	65.23
21	ਸੰਗਰੂਰ	39438	197.19	14790	73.95	31381	219.67
22	ਤਰਨਤਾਰਨ	10254	51.27	14084	70.42	21612	151.28
	ਕੁੱਲ	**262760**	**1313.80**	**231206**	**1156.03**	**510325**	**3572.28**

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਸਬਸਿਡੀ ਦਾ ਜਵਾਬ ਹੈ, ਮੈਂ ਇਸ ਨੂੰ ਉਲਝਾਉਣਾ ਨਹੀਂ ਚਾਹੁੰਦਾ। ਸਪੀਕਰ ਸਾਹਿਬ, ਇਸ ਦਾ ਜਵਾਬ ਮੰਤਰੀ ਜੀ ਤੁਹਾਡੇ ਰਾਹੀਂ ਜਾਖੜ ਸਾਹਿਬ ਨੂੰ ਦੇ ਦੇਣ। (ਵਿਘਨ) ਚਲੋ, ਵਲਟੋਹਾ ਸਾਹਿਬ ਨੂੰ ਜਵਾਬ ਦੇ ਦੇਣ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਥੋੜ੍ਹੀ ਜਿਹੀ ਜਾਣਕਾਰੀ ਲੈਣੀ ਚਾਹੁੰਦਾ ਹਾਂ। 35 ਲੱਖ ਹੈਕਟੇਅਰ ਏਰੀਆ ਪੰਜਾਬ ਵਿੱਚ ਵ੍ਹੀਟ ਦੇ ਅੰਡਰ ਹੈ। We are the food bowl of the country. ਪਿਛਲੇ ਦੋ ਸਾਲ ਲਗਾਤਾਰ ਤੋਂ ਕੋਈ ਫਾਊਂਡੇਸ਼ਨ ਸੀਡ ਵੰਡਿਆ ਨਹੀਂ ਗਿਆ। ਸਬਸਿਡੀ ਦਿੱਤੀ ਨਹੀਂ ਤਾਂ ਫਿਰ ਬੀਜ ਅੱਗੇ ਕਿਵੇਂ ਵਧੇਗਾ। ਤੁਹਾਡੀ ਜਿਹੜੀ ਸੀਡ ਪਾਲਿਸੀ ਹੈ, ਮੈਂ ਉਸ ਤੇ ਜ਼ਰੂਰ ਚਾਨਣਾ ਪਾਉਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਸਪਲੀਮੈਂਟਰੀ ਕਰੋ ਜੀ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਕ੍ਰਿਭਕੋ ਦਾ ਨਾਂ ਨਹੀਂ ਲੈ ਰਿਹਾ। ਇਹ ਇਨ੍ਹਾਂ ਦੇ ਜਵਾਬ ਵਿੱਚ ਲਿਖਿਆ ਹੋਇਆ ਹੈ। ਕ੍ਰਿਭਕੋ ਆ ਕੇ ਪੰਜਾਬ ਵਿੱਚ ਸੀਡ ਵੇਚੇਗਾ, ਇਫਕੋ ਆ ਕੇ ਪੰਜਾਬ ਵਿੱਚ ਆ ਕੇ ਸੀਡ ਵੇਚੇਗਾ, ਪੰਜਾਬ ਐਗਰੋ ਪੰਜਾਬ ਵਿੱਚ ਸੀਡ ਵੇਚੇਗੀ। ਫਿਰ ਇਨ੍ਹਾਂ ਦੀ ਪਨਸਪ ਕੀ ਕਰਦੀ ਹੈ? ਪੀ.ਏ.ਯੂ. ਕੀ ਕਰ ਰਹੀ ਹੈ? ਇਸ ਲਈ ਇਸ ਬਾਰੇ ਕੋਈ ਪ੍ਰੋਗਰਾਮ ਬਣਾਉ ਅਤੇ ਪੰਜਾਬ ਦਾ ਨਾਸ ਨਾ ਮਾਰੋ। ਜ਼ਿਮੀਦਾਰਾਂ ਨੂੰ ਜੇ ਬੀਜ ਵਧੀਆ ਨਹੀਂ ਦਿਉਗੇ...... (ਵਿਘਨ) ਪੰਜਾਬ ਵਿੱਚ ਬੀਜ ਵਧੀਆ ਨਹੀਂ ਦਿੱਤਾ ਜਾ ਰਿਹਾ।

ਮਾਨਯੋਗ ਸਪੀਕਰ : ਰਾਣਾ ਜੀ, ਤੁਸੀਂ ਕੁਐਸਚਨ ਪੁੱਛ ਲਵੋ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਕੁਐਸਚਨ ਹੈ ਕਿ ਕੀ ਇਨ੍ਹਾਂ ਦਾ ਕਣਕ ਦਾ ਬੀਜ ਵਧਾਉਣ ਦਾ ਕੋਈ ਪ੍ਰੋਗਰਾਮ ਹੈ ?

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਕਣਕ ਦੇ ਬੀਜ ਦੀ ਮਾਤਰਾ ਵਧਾਉਣ ਦਾ ਤੁਹਾਡਾ ਕੋਈ ਪ੍ਰੋਗਰਾਮ ਹੈ? ਇਹ ਦੱਸਿਆ ਜਾਵੇ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਣਕ ਦੇ ਬੀਜ ਦੀ ਮਾਤਰਾ ਵਧਾਈ ਜਾਵੇ, ਇਹ ਵੇਖਿਆ ਜਾਵੇ ਕਿ ਕਿੰਨੇ ਕੁਇੰਟਲ ਸਾਨੂੰ ਸਟੇਟ ਦੇ ਥਰੂ ਬੀਜ ਚਾਹੀਦਾ ਹੈ ਅਤੇ ਕਿੰਨਾ ਸਰਟੀਫਾਈਡ ਬੀਜ ਚਾਹੀਦਾ ਹੈ ? ਕੀ ਇਸ ਸਬੰਧੀ ਇਨ੍ਹਾਂ ਦੀ ਕੋਈ ਪਾਲਿਸੀ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦਾ ਸਤਿਕਾਰ ਕਰਦਾ ਹਾਂ। ਪਹਿਲਾਂ ਵੀ ਇਸ ਮਸਲੇ ਸਬੰਧੀ ਬੈਠ ਕੇ ਵਿਚਾਰਾਂ ਹੋਈਆਂ ਸਨ। ਖੰਡ ਮਿੱਲਾਂ/ਗੰਨੇ ਸਬੰਧੀ ਵੀ ਇਹ ਬਹੁਤ ਮਾਹਿਰ ਸੀ। ਇਸ ਬਾਰੇ ਵਿੱਚ ਵੀ ਜੇ ਕੋਈ ਚੰਗੀ ਗੱਲ ਹੋਈ ਹੈ ਤਾਂ ਇਨ੍ਹਾਂ ਨੂੰ ਉਸ ਗੱਲ ਨੂੰ ਚੰਗੀ ਕਹਿਣਾ ਚਾਹੀਦਾ ਹੈ। ਜੇ ਕੋਈ ਕਮੀ ਰਹਿ ਗਈ ਹੈ ਤਾਂ ਤੁਹਾਡੇ ਨਾਲ ਰਾਇ ਕਰਕੇ ਉਸ ਨੂੰ ਪੂਰੀ ਕਰ ਲਵਾਂਗੇ। ਆਪਾਂ ਮਹਿਕਮੇ ਚਲਾਉਂਦੇ ਹਾਂ, ਉਹ ਰਾਇ ਨਾਲ ਹੀ ਚੱਲ ਸਕਦੇ ਹਨ। ਮੇਰੀ ਇੱਕ ਬੇਨਤੀ ਹੈ । (ਵਿਘਨ) ਮੇਰੀ ਗੱਲ ਤਾਂ ਸੁਣ ਲਵੋ। ਇਸ ਤਰ੍ਹਾਂ ਨਾ ਕਰੋ। ਤੁਸੀਂ ਆਪਣੀਆਂ ਗੁਆਂਢੀ ਸਟੇਟਾਂ ਵੱਲ ਵੇਖੋ। ਹਰਿਆਣਾ ਨੇ ਕ੍ਰਿਭਕੋ ਤੇ ਇਫਕੋ ਤੋਂ 2825/- ਰੁਪਏ ਪ੍ਰਤੀ ਕੁਇੰਟਲ ਬੀਜ ਖਰੀਦਿਆ। ਹਿਮਾਚਲ ਪ੍ਰਦੇਸ਼ ਨੇ ਇਹ ਬੀਜ 3000/- ਰੁਪਏ ਪ੍ਰਤੀ ਕੁਇੰਟਲ ਨੂੰ ਖਰੀਦਿਆ। ਰਾਜਸਥਾਨ ਨੇ 3100/- ਰੁਪਏ ਪ੍ਰਤੀ ਕੁਇੰਟਲ ਨੂੰ ਖਰੀਦਿਆ ਪਰ ਪੰਜਾਬ ਨੇ ਇਨ੍ਹਾਂ ਏਜੰਸੀਆਂ ਤੋਂ 2325/- ਰੁਪਏ ਪ੍ਰਤੀ ਕੁਇੰਟਲ ਬੀਜ ਖਰੀਦਿਆ ਹੈ।

ਕਿਸਾਨਾਂ ਨੂੰ ਸਸਤਾ ਬੀਜ ਦਿੱਤਾ ਗਿਆ ਹੈ। ਮੇਰੀ ਇਹੀ ਰਿਕੁਐਸਟ ਹੈ ਕਿ 700/- ਰੁਪਏ ਸਬਸਿਡੀ ਨਾਲ ਅਸੀਂ 13 ਲੱਖ ਏਕੜ ਵਿੱਚ ਕਣਕ ਬਿਜਵਾਈ ਹੈ। ਇਸ ਲਈ ਪਹਿਲਾਂ ਤੁਸੀਂ ਚੰਗੀ ਤਰ੍ਹਾਂ ਚੈੱਕ ਕਰ ਲਓ ।

ਰਾਣਾ ਗੁਰਜੀਤ ਸਿੰਘ : ** **

Mr. Speaker : Not to be recorded.

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਦੇ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਕਸਬਾ ਗੜ੍ਹਸ਼ੰਕਰ ਅਤੇ ਮਾਹਿਲਪੁਰ ਵਿਖੇ ਸੀਵਰੇਜ ਪਾਉਣਾ

***1650. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਗੜ੍ਹਸ਼ੰਕਰ ਸ਼ਹਿਰ ਅਤੇ ਮਾਹਿਲਪੁਰ ਨਗਰ ਪੰਚਾਇਤ ਵਿਚ ਸੀਵਰੇਜ ਪਾਉਣ ਦੀ ਤਜਵੀਜ਼ ਨੂੰ ਕਦੋਂ ਤੱਕ ਨੇਪਰੇ ਚਾੜ੍ਹਨ ਦੀ ਸੰਭਾਵਨਾ ਹੈ, ਵੇਰਵੇ ਸਹਿਤ ਦੱਸਿਆ ਜਾਵੇ ?

ਸ਼੍ਰੀ ਅਨਿਲ ਜੋਸ਼ੀ : ਗੜ੍ਹਸ਼ੰਕਰ ਸ਼ਹਿਰ ਅਤੇ ਮਾਹਿਲਪੁਰ ਨਗਰ ਪੰਚਾਇਤਾਂ ਵਿਚ ਸੀਵਰੇਜ ਸਕੀਮ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਦੀਆਂ ਡਿਟੇਲਡ ਪ੍ਰੋਜੈਕਟ ਰਿਪੋਰਟਾਂ, ਯੂ.ਆਈ.ਡੀ.ਐਸ.ਐਸ.ਐਮ.ਟੀ. ਸਕੀਮ ਅਧੀਨ ਤਿਆਰ ਕੀਤੀਆਂ ਗਈਆਂ ਸਨ, ਪ੍ਰੰਤੂ ਭਾਰਤ ਸਰਕਾਰ ਵੱਲੋਂ ਇਹ ਸਕੀਮ ਵਾਪਸ ਲਏ ਜਾਣ ਕਾਰਨ ਇਹ ਪ੍ਰਵਾਨ ਨਹੀਂ ਹੋ ਸਕੀਆਂ। ਸੀਵਰੇਜ ਬੋਰਡ ਵੱਲੋਂ ਦੁਬਾਰਾ ਡਿਟੇਲਡ ਪ੍ਰਾਜੈਕਟ ਰਿਪੋਰਟਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ। ਭਾਰਤ ਸਰਕਾਰ ਵੱਲੋਂ ਸ਼ਹਿਰਾਂ ਦੇ ਵਿਕਾਸ ਲਈ ਕਿਸੇ ਕਿਸਮ ਦੀ ਘੋਸ਼ਣਾ ਹੋਣ ਤੇ ਇਹ ਕੰਮ ਕਰਵਾਉਣ ਲਈ ਇਹ ਪ੍ਰਾਜੈਕਟ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜ ਦਿੱਤੇ ਜਾਣਗੇ।

** Not recorded as ordered by the Chair.

ਜ਼ਿਲ੍ਹਾ ਪਟਿਆਲਾ ਵਿੱਚ ਟੁੱਟੇ ਪੁਲਾਂ ਨੂੰ ਬਣਾਉਣਾ

*1652. **ਸ੍ਰੀਮਤੀ ਵਨਿੰਦਰ ਕੌਰ ਲੂੰਬਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਲਵਾਨੂੰ ਅਤੇ ਨਨਹੇੜਾ ਵਿਖੇ ਭਾਖੜਾ ਮੇਨ ਲਾਈਨ ਨਹਿਰ ਦੇ ਪੁੱਲ ਟੁੱਟੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਇੱਥੇ ਨਵੇਂ ਪੁਲ ਕਦੋਂ ਤੱਕ ਉਸਾਰਨ ਦੀ ਤਜਵੀਜ਼ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਘੱਗਾ ਕਲਵਾਨੂੰ ਸੜਕ ਤੇ ਭਾਖੜਾ ਮੇਨ ਲਾਈਨ ਉਪਰ ਬਣਿਆ ਪੁਲ ਅਣ-ਸੁਰੱਖਿਅਤ ਹੋਣ ਕਰਕੇ ਪਿਛਲੇ ਕਈ ਸਾਲਾਂ ਤੋਂ ਆਵਾਜਾਈ ਲਈ ਬੰਦ ਕੀਤਾ ਹੋਇਆ ਹੈ। ਇਸ ਪੁਲ ਦੀ ਮੁੜ ਉਸਾਰੀ ਕਰਨ ਦਾ ਤਖਮੀਨਾ 486.00 ਲੱਖ ਰੁਪਏ ਦਾ ਤਿਆਰ ਕਰਕੇ ਪੀ.ਆਈ.ਡੀ.ਬੀ. ਨੂੰ ਮਨਜ਼ੂਰੀ ਹਿਤ ਭੇਜਿਆ ਗਿਆ ਹੈ। ਪੀ.ਆਈ.ਡੀ.ਬੀ. ਤੋਂ ਮਨਜ਼ੂਰੀ ਆਉਣ ਉਪਰੰਤ ਇਸ ਪੁਲ ਦੀ ਮੁੜ ਉਸਾਰੀ ਦਾ ਕੰਮ ਇਕ ਸਾਲ ਦੇ ਸਮੇਂ ਵਿੱਚ ਕਰ ਦਿੱਤਾ ਜਾਵੇਗਾ।

ਨਾਗਰੀ ਤੋਂ ਨਨਹੇੜਾ ਲਿੰਕ ਸੜਕ ਤੇ ਭਾਖੜਾ ਮੇਨ ਲਾਈਨ ਉਪਰ ਟੁੱਟੇ ਪੁਲ ਦੀ ਮੁੜ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ.: 1661*

(ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ।)

ਖਰੜ-ਕੁਰਾਲੀ ਸੜਕ ਨੂੰ ਚਹੁੰ ਮਾਰਗੀ ਕਰਨਾ

*1688. **ਸਰਦਾਰ ਜਗਮੋਹਨ ਸਿੰਘ ਕੰਗ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਖਰੜ-ਕੁਰਾਲੀ ਸੜਕ ਨੂੰ ਚਹੁੰ ਮਾਰਗੀ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਜੀ ਹਾਂ, ਖਰੜ ਤੋਂ ਕੁਰਾਲੀ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਤਜਵੀਜ਼ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ । ਪ੍ਰੋਜੈਕਟ ਡਾਇਰੈਕਟਰ,

*For Starred Question No. 1661 and reply thereto, please see Appendix to this Debates.

ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ, ਚੰਡੀਗੜ੍ਹ, ਜੋ ਕਿ ਇਸ ਕੰਮ ਦੇ ਇੰਚਾਰਜ ਹਨ, ਨੇ ਸੂਚਿਤ ਕੀਤਾ ਹੈ ਕਿ ਇਸ ਸਬੰਧੀ ਡਿਟੇਲਡ ਪ੍ਰੋਜੈਕਟ ਰਿਪੋਰਟ ਭਾਰਤ ਸਰਕਾਰ ਦੇ ਸੜਕ ਅਤੇ ਪਰਿਵਹਨ ਮੰਤਰਾਲੇ, ਨਵੀਂ ਦਿੱਲੀ ਨੂੰ ਮਨਜ਼ੂਰੀ ਹਿਤ ਭੇਜ ਦਿੱਤੀ ਗਈ ਹੈ ਅਤੇ ਕੰਮ ਜੂਨ, 2015 ਤੱਕ ਸ਼ੁਰੂ ਹੋਣ ਦੀ ਆਸ ਹੈ।

ਮੁਹਾਲੀ ਵਿਖੇ ਕੂੜਾਦਾਨਾਂ ਦੀ ਜਗ੍ਹਾ ਤਬਦੀਲ ਕਰਨਾ

*1643. **ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਮੁਹਾਲੀ ਵਿਖੇ ਰਿਹਾਇਸ਼ੀ ਇਲਾਕਿਆਂ ਵਿੱਚ ਕੂੜਾਦਾਨਾਂ ਕਾਰਨ ਬਦਬੂ ਫੈਲਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਰਿਹਾਇਸ਼ੀ ਇਲਾਕੇ ਵਿੱਚੋਂ ਕੱਢ ਕੇ ਕਿਸੇ ਹੋਰ ਜਗ੍ਹਾ ਤੇ ਤਬਦੀਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸ਼੍ਰੀ ਅਨਿਲ ਜੋਸ਼ੀ : ਰਿਹਾਇਸ਼ੀ ਇਲਾਕਿਆਂ ਵਿੱਚ ਆਲੇ-ਦੁਆਲੇ ਦੇ ਇਲਾਕੇ ਵਿੱਚੋਂ ਡੋਰ-ਟੂ-ਡੋਰ ਕੁਲੈਕਸ਼ਨ ਅਤੇ ਸਵੀਪਿੰਗ ਰਾਹੀਂ ਇੱਕਠੇ ਕੀਤੇ ਕੂੜੇ ਨੂੰ ਕੂੜੇਦਾਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਕੂੜੇ ਨੂੰ ਇਕੱਠਾ ਕਰਨ ਅਤੇ ਇਸ ਦੀ ਡਿਸਪੋਜ਼ਲ ਲਈ ਇਹ ਕੂੜਾਦਾਨ ਸਫਾਈ ਦੇ ਕੰਮ ਦਾ ਇੱਕ ਜ਼ਰੂਰੀ ਅੰਗ ਹਨ। ਇਨ੍ਹਾਂ ਕੂੜੇਦਾਨਾਂ ਨੂੰ ਰੋਜ਼ਾਨਾ ਸਵੇਰੇ ਖਾਲੀ ਕਰਕੇ ਦਵਾਈ ਦਾ ਛਿੜਕਾਅ ਕੀਤਾ ਜਾਂਦਾ ਹੈ ਤਾਂ ਜੋ ਬਦਬੂ ਨਾ ਫੈਲੇ।

UNSTARRED QUESTIONS AND ANSWERS

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ.: 132*

(ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਹੈ ।)

ਮਨਰੇਗਾ ਸਕੀਮ ਅਧੀਨ ਪ੍ਰਾਪਤ ਰਾਸ਼ੀ

135. **ਸਰਦਾਰ ਜਗਮੋਹਨ ਸਿੰਘ ਕੰਗ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਸਾਲ 2007 ਤੋਂ 2014 ਤੱਕ ਹਰ ਸਾਲ ਰਾਜ ਸਰਕਾਰ ਨੂੰ

---

*For Starred Question No. 132 and reply thereto, please see appendix to this Debates.

| ਸਰਦਾਰ ਜਗਮੋਹਨ ਸਿੰਘ ਕੰਗ |

ਮਨਰੇਗਾ ਸਕੀਮ ਤਹਿਤ ਕੇਂਦਰ ਸਰਕਾਰ ਵਲੋਂ ਕਿੰਨੀ ਰਾਸ਼ੀ ਪ੍ਰਾਪਤ ਹੋਈ ਹੈ;

(ਅ) ਕੀ ਉਪਰੋਕਤ ਰਾਸ਼ੀ ਵਿਚ ਸੂਬਾ ਸਰਕਾਰ ਵੱਲੋਂ ਆਪਣਾ ਬਣਦਾ ਹਿੱਸਾ ਪਾਇਆ ਗਿਆ ਸੀ;

(ੲ) ਕੀ ਸੂਬੇ ਵਿਚ ਮਨਰੇਗਾ ਸਕੀਮ ਦਾ ਸਾਰਾ ਪੈਸਾ ਵੱਖ-ਵੱਖ ਥਾਵਾਂ ਤੇ ਵਰਤਿਆ ਗਿਆ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ,

(ੳ) ਸਾਲ 2007 ਤੋਂ 2014 ਦੇ ਦੌਰਾਨ ਮਨਰੇਗਾ ਸਕੀਮ ਅਧੀਨ ਕੇਂਦਰ ਸਰਕਾਰ ਤੋਂ ਪ੍ਰਾਪਤ ਕੀਤੇ ਫੰਡਾਂ ਦੀ ਸਾਲ-ਵਾਰ ਰਕਮ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :-

ਸਾਲ	**ਕੇਂਦਰ ਤੋਂ ਪ੍ਰਾਪਤ ਫੰਡਜ਼ (ਕਰੋੜਾਂ ਵਿੱਚ)**
2007-08	28.65
2008-09	67.11
2009-10	144.48
2010-11	130.90
2011-12	114.29
2012-13	114.21
2013-14	226.15
2014-15	
(ਮਿਤੀ 18 ਦਸੰਬਰ, 2014 ਤੱਕ)	**155.71**

(ਅ) ਹਾਂ ਜੀ, ਸੂਬਾ ਸਰਕਾਰ ਵੱਲੋਂ ਇਸ ਵਿੱਚ ਆਪਣਾ ਬਣਦਾ ਹਿੱਸਾ ਪਾਇਆ ਗਿਆ ਹੈ ।

(ੲ) ਹਾਂ ਜੀ, ਮਗਨਰੇਗਾ ਸਕੀਮ ਦਾ ਸਾਰਾ ਪੈਸਾ ਜ਼ਿਲ੍ਹਿਆਂ ਵਿੱਚ ਸਿਰਫ ਮਗਨਰੇਗਾ ਸਕੀਮ ਅਧੀਨ ਕੀਤੇ ਜਾਣ ਵਾਲੇ ਕੰਮਾਂ ਤੇ ਵਰਤਿਆ ਗਿਆ ਹੈ ।

ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ. : 136*

(ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ।)

ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ. : 137**

(ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ ।)

ਜੰਗਲਾਤ ਐਕਟ ਦੀ ਦਫ਼ਾ 4/5 ਦੀ ਡਿਮਾਰਕੇਸ਼ਨ ਕਰਨ ਸਬੰਧੀ

138. ਸ਼੍ਰੀਮਤੀ ਸੁਖਜੀਤ ਕੌਰ ਸਾਹੀ : ਕੀ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਵਿਭਾਗ ਜੰਗਲਾਤ ਐਕਟ ਦੀ ਦਫਾ 4 ਮੁਤਾਬਿਕ ਦਰਖਤਾਂ ਦੀ ਕਟਾਈ ਕਰਨ ਬਾਰੇ ਹੋਈ ਨੋਟੀਫਿਕੇਸ਼ਨ ਵਿੱਚ ਦਫਾ 4 ਅਤੇ 5 ਦੀ ਲੋਕ ਹਿੱਤਾਂ ਵਿਚ ਡਿਮਾਰਕੇਸ਼ਨ ਕਰਨ ਦੀ ਤਜਵੀਜ਼ ਰੱਖਦਾ ਹੈ; ਜੇਕਰ ਰੱਖਦਾ ਹੈ ਤਾਂ ਕਦੋਂ ਤੱਕ?

ਸ਼੍ਰੀ ਚੂਨੀ ਲਾਲ ਭਗਤ : ਹਾਂ ਜੀ, ਵਣ ਵਿਭਾਗ ਸਬੰਧਿਤ ਡਿਪਟੀ ਕਮਿਸ਼ਨਰਾਂ ਰਾਹੀਂ ਸੇਵਾਮੁਕਤ ਰੈਵੀਨਿਊ ਮੁਲਾਜ਼ਮਾਂ ਤੋਂ ਪੰਜਾਬ ਭੂਮੀ ਸੁਰੱਖਿਆ ਐਕਟ-1900 ਦੇ ਦਫਾ 4 ਅਤੇ 5 ਅਧੀਨ ਨੋਟੀਫਾਈਡ ਰਕਬਿਆਂ ਬਨਾਮ ਡੀ-ਲਿਸਟ ਕੀਤੇ ਰਕਬਿਆਂ ਦੀ ਡਿਮਾਰਕੇਸ਼ਨ ਕਰਵਾਉਣ ਦੀ ਤਜਵੀਜ਼ ਰੱਖਦਾ ਹੈ। ਡੀਮਾਰਕੇਸ਼ਨ ਸਾਲ 2015-16 ਵਿਚ ਸ਼ੁਰੂ ਹੋ ਸਕਦੀ ਹੈ।

ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ.: 142***

(ਇਸ ਪ੍ਰਸ਼ਨ ਦੀ ਐਕਸਟੈਂਨਸ਼ਨ ਮੰਗੀ ਗਈ ਹੈ।)

ਦੀਨਾਨਗਰ ਹਲਕੇ ਵਿੱਚ ਪਖਾਨਿਆਂ ਦੀ ਉਸਾਰੀ

143. ਸ਼੍ਰੀਮਤੀ ਅਰੁਨਾ ਚੌਧਰੀ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਦੀਨਾਨਗਰ ਹਲਕੇ ਵਿੱਚ ਦਿਹਾਤੀ ਪਖਾਨਿਆਂ ਦੀ ਉਸਾਰੀ ਲਈ

---

*Reply to this unstarred Question No. 136 has not been received till 24.08.2015 i.e. the date on which this debates was sent to the Press for final printing.

**For Unstarred Question No. 137 and reply thereto, please see Appendix to this Debates.

***For Unstarred Question No. 142 and reply thereto, please see Appendix to this Debates.

[ਸ਼੍ਰੀਮਤੀ ਅਰੁਨਾ ਚੌਧਰੀ]

ਸਾਲ 2002 ਤੋਂ ਹੁਣ ਤੱਕ ਸ਼ਨਾਖਤ ਕੀਤੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਸਮੇਂ ਦੌਰਾਨ ਉਕਤ ਸਕੀਮ ਅਧੀਨ ਜਾਰੀ ਕੀਤੀ, ਖਰਚ ਕੀਤੀ ਗਈ ਅਤੇ ਕਵਰ ਕੀਤੇ ਗਏ ਲਾਭਪਾਤਰਾਂ ਦੇ ਵੇਰਵੇ ਕੀ ਹਨ ਅਤੇ ਇਸ ਸੰਬੰਧੀ ਵਿੱਤੀ ਅਤੇ ਫਿਜ਼ੀਕਲ ਪ੍ਰਗਤੀ ਦੇ ਵੇਰਵੇ ਕੀ ਹਨ;

(ੲ) ਹੁਣ ਤੱਕ ਜਾਰੀ ਕੀਤੇ ਗਏ ਵਰਤੋਂ ਸਰਟੀਫਿਕੇਟ ਦੇ ਵੇਰਵੇ ਕੀ ਹਨ; ਹਾਲੇ ਤੱਕ ਕਿੰਨੀ ਰਕਮ ਅਣਵਰਤੀ ਪਈ ਹੈ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ,

(ੳ) ਬਲਾਕ ਦੀਨਾਨਗਰ ਵਿੱਚ ਸਾਲ, 2012 ਤੋਂ ਹੁਣ ਤੱਕ ਸ਼ਨਾਖਤ ਕੀਤੇ ਗਏ ਕੇਸਾਂ ਦੀ ਗਿਣਤੀ 3350 ਹੈ ।

(ਅ) ਇਸ ਸਮੇਂ ਦੌਰਾਨ 1,83,80,200 ਰੁ: ਦੀ ਰਕਮ ਜਾਰੀ ਕੀਤੀ ਗਈ ਹੈ, 1,80,75,000 ਰੁ: ਖਰਚ ਕੀਤੇ ਗਏ ਹਨ; 3296 ਲਾਭਪਾਤਰੀ ਕਵਰ ਹੋਏ ਹਨ, 1,80,75,000 ਰੁ: ਰਕਮ ਖਰਚ ਹੋ ਚੁੱਕੇ ਹਨ ਅਤੇ 3296 ਪਖਾਨੇ ਬਣ ਚੁੱਕੇ ਹਨ ।

(ੲ) 3296 ਪਖਾਨਿਆਂ ਦੇ ਵਰਤੋਂ ਸਰਟੀਫਿਕੇਟ ਜਾਰੀ ਹੋ ਚੁੱਕੇ ਹਨ । 3,05,200 ਰੁ: ਅਣਵਰਤੀ ਰਕਮ ਬਕਾਇਆ ਹੈ, ਗਰਾਮ ਪੰਚਾਇਤ ਦੇ ਸੰਬੰਧਿਤ ਸਰਪੰਚ ਵੱਲੋਂ 54 ਲਾਭਪਾਤਰੀਆਂ ਦੇ ਪਖਾਨੇ ਨਾ ਬਣਵਾਏ ਜਾਣ ਕਾਰਨ ।

ANNOUNCEMENT BY THE HON'BLE SPEAKER REG. PANEL OF CHAIRMEN

ਮਾਨਯੋਗ ਸਪੀਕਰ : ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ ।

ਮਾਨਯੋਗ ਸਪੀਕਰ : ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ

ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 (1) ਅਧੀਨ ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ :

1. ਸਰਦਾਰ ਇਕਬਾਲ ਸਿੰਘ ਝੂੰਦਾਂ
2. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ
3. ਸ਼੍ਰੀ ਬ੍ਰਹਮ ਮਹਿੰਦਰਾ
4. ਸ਼੍ਰੀ ਮਨੋਰੰਜਨ ਕਾਲੀਆ

ANNOUNCEMENT BY THE SECRETARY

ਮਾਨਯੋਗ ਸਪੀਕਰ : ਹੁਣ ਸਕੱਤਰ ਸਾਹਿਬਾ ਅਨਾਊਂਸਮੈਂਟ ਕਰਨਗੇ।

ਸ਼੍ਰੀਮਤੀ ਸਕੱਤਰ : ਸ਼੍ਰੀਮਾਨ ਜੀ, ਮੈਂ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਦਸਵੇਂ ਸਮਾਗਮ ਲਈ ਅਤੇ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ ਚੌਥੇ, ਛੇਵੇਂ ਅਤੇ ਅੱਠਵੇਂ ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਸ਼ਟਰਪਤੀ ਜੀ ਅਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:-

1. ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2010
2. ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2013
3. ਪੰਜਾਬ ਜ਼ਰਾਇਤੀ ਕਰਜ਼ਿਆਂ ਦੀ ਪ੍ਰਕਿਰਿਆ ਪ੍ਰਣਾਲੀ ਅਤੇ ਫੁਟਕਲ ਉਪਬੰਧ (ਬੈਂਕ) (ਸੋਧਨਾ) ਬਿਲ, 2013
4. ਰਿਆਤ-ਬਾਹਰਾ ਯੂਨੀਵਰਸਿਟੀ ਬਿਲ, 2014
5. ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014
6. ਪੰਜਾਬ ਨਮਿੱਤਣ (ਨੰ:2) ਬਿਲ, 2014
7. ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014
8. ਪੰਜਾਬ ਮਿਉਂਸਿਪਲ (ਸੋਧਨਾ) ਬਿਲ, 2014
9. ਜੀ.ਐਨ.ਏ.ਯੂਨੀਵਰਸਿਟੀ ਬਿਲ, 2014
10. ਪੰਜਾਬ ਰਾਜ ਇਸਤਰੀਆਂ ਲਈ ਕਮਿਸ਼ਨ (ਸੋਧਨਾ) ਬਿਲ, 2014
11. ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014

NO CONFIDENCE MOTION

Mr. Speaker : I have received a notice of No-Confidence Motion under rule 58(1) (a) of the Rules of Procedure and Conduct of Business in the Punjab Vidhan Sabha (Punjab Legislative Assembly) from Shri Sunil Jakhar. He may please seek the leave of the House, as required under the rules.

ਹਾਂ ਜੀ, ਜਾਖੜ ਸਾਹਿਬ।

Shri Sunil Jakhar : Sir, I beg to ask for leave of the House to move the following Motion -

"That this House expresses its no confidence in the present Council of Ministers headed by Sardar Parkash Singh Badal, Chief Minister, Punjab. "

Mr. Speaker : The Motion is in Order. It reads.-

"That this House expresses its no confidence in the present Council of Ministers headed by Sardar Parkash Singh Badal, Chief Minister, Punjab. "

Those Hon'ble Members who are in favour of leave being granted, may please rise in their seats.

(At this stage, all the Members of the Indian National Congress Party, present in the House, alongwith independent Members, Shri Rajnish Kumar, Sardar Simarjit Singh Bains and Sardar Balwinder Singh Bains, 44 in total rose in their seats)

Deputy Chief Minister (ਬੈਠੇ-ਬੈਠੇ) : Now you can go.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਉਪ ਮੁੱਖ ਮੰਤਰੀ ਵੱਲੋਂ ਬੈਠੇ ਬੈਠੇ ਟਿੱਪਣੀ ਕਰਨ ਤੇ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕਾਫੀ ਰੌਲਾ ਪਾ ਰਹੇ ਸਨ ਜਿਸ ਕਰਕੇ

ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Please listen. ਆਪਣਾ ਟਾਈਮ ਵੇਸਟ ਨਾ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਦਨ ਵਿੱਚ ** ** ਨਾਅਰੇ ਲਗਾ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

Mr. Speaker : Please listen.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)।

ਮਾਨਯੋਗ ਸਪੀਕਰ : ਨਾਗਰਾ ਜੀ, ਇਹ ਨਾਅਰੇ ਲਗਾਉਣ ਦਾ ਸਮਾਂ ਨਹੀਂ ਹੈ। ਇਹ ਰਿਕਾਰਡ ਨਾ ਕੀਤੇ ਜਾਣ । The matter is very serious. The required number is 23. 44 Members have risen in their seats.

Since the number of members in favour of the leave being granted is more than the number required, under Rule 58 (2) of the Rules of Procedure and Conduct of Business in the Punjab Vidhan Sabha (Punjab Legislative Assembly), the leave is granted.

ਮਾਨਯੋਗ ਸਪੀਕਰ : ਅਗਲੀ ਆਈਟਮ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਡਿਸਕਸ਼ਨ ਦਾ ਕੋਈ ਟਾਈਮ ਤਾਂ ਰੱਖ ਲਓ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੇਰੇ ਤੇ ਅਤੇ ਮੇਰੀ ਕੈਬਨਿਟ ਦੇ ਖਿਲਾਫ ਵੋਟ ਆਫ ਨੋ ਕਾਨਫੀਡੈਂਸ ਕਾਂਗਰਸ ਬੈਂਚਿਜ਼ ਤੋਂ ਆਇਆ ਹੈ। ਮੈਂ ਕਹਿੰਦਾ ਹਾਂ ਕਿ ਜਦੋਂ ਤੱਕ ਹਾਊਸ ਮੇਰੇ ਤੇ ਕਾਨਫੀਡੈਂਸ ਨਹੀਂ ਰੱਖਦਾ ਤਾਂ ਮੇਰਾ ਇਥੇ ਬੈਠਣ ਦਾ ਕੋਈ ਹੱਕ ਨਹੀਂ ਹੈ। ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਬਨਿਸਬਤ ਹੋਰ ਕੋਈ ਕੰਮ-ਕਾਰ

** Not recorded as ordered by the Chair.

[ਮੁੱਖ ਮੰਤਰੀ]

ਲਿਆ ਜਾਵੇ, ਇਸ ਤੇ ਤੁਰੰਤ ਬਹਿਸ ਕੀਤੀ ਜਾਵੇ। ਹੁਣੇ ਬਹਿਸ ਸ਼ੁਰੂ ਕੀਤੀ ਜਾਵੇ (ਟਰੇਜ਼ਰੀ ਬੈਂਚਿੰਜ ਵਲੋਂ ਥੰਪਿੰਗ) ਕਿਉਂਕਿ ਮੇਰੀ ਜ਼ਮੀਰ ਨਹੀਂ ਮੰਨਦੀ ਕਿ ਮੈਂ ਕੋਈ ਹੋਰ ਕੰਮ-ਕਾਰ ਕਰਾਂ। ਮੇਰਾ ਖਿਆਲ ਹੈ ਕਿ ਇਸ ਗੱਲ ਨੂੰ ਲੀਡਰ ਆਫ ਆਪੋਜ਼ੀਜ਼ਨ ਵੀ ਮੰਨਣਗੇ।

Mr. Speaker : I allot two hours for the discussion and the decision of the House taken on the recommendations of Business Advisory Committee stands modified to that extent. Is it the pleasure of the House?

(Voices : Yes, yes)

Mr. Speaker : Two Hours are allotted for the discussion of the No Confidence Motion, under Rule 58 (3) of the Rules of Procedure and Conduct of Business in the Punjab Vidhan Sabha (Punjab Legislative Assembly), just now.

ਹਾਂ ਜੀ, ਜਾਖੜ ਸਾਹਿਬ, ਤੁਸੀਂ ਮੋਸ਼ਨ ਮੂਵ ਕਰੋ।

Shri Sunil Jakhar : Sir, I beg to move -

"That this House expresses its no confidence in the present Council of Ministers headed by Sardar Parkash Singh Badal, Chief Minister, Punjab."

Mr. Speaker : The Motion moved -

"That this House expresses its no confidence in the present Council of Ministers headed by Sardar Parkash Singh Badal, Chief Minister, Punjab."

ਮੁੱਖ ਮੰਤਰੀ : ਸਪੀਕਰ ਸਾਹਿਬ, ਇੱਕ ਮੇਰੀ ਅਰਜ਼ ਹੈ ਤੁਹਾਡੇ ਕੋਲ, ਇਨ੍ਹਾਂ ਨੇ ਨਾਲ ਦੂਜਾ ਜਿਹੜਾ ਮੋਸ਼ਨ ਦਿੱਤਾ ਹੈ ਕਿ ਡੀ-ਅਡਿਕਸ਼ਨ ਤੇ ਬਹਿਸ ਹੋਏਗੀ.....

ਮਾਨਯੋਗ ਸਪੀਕਰ : ਉਹ ਤਾਂ ਉਨ੍ਹਾਂ ਨੇ ਗਰਾਊਂਡ ਦਿੱਤੀ ਹੈ, ਕੇਵਲ ਤੇ ਕੇਵਲ ਉਸ ਗਰਾਊਂਡ ਉਪਰ ਹੀ ਬਹਿਸ ਹੋਏਗੀ, ਉਹ ਹੀ ਗਰਾਊਂਡ ਹੋਏਗੀ। ਹਾਂ ਜੀ, ਗਰਾਊਂਡ ਪੜ੍ਹੋ। (ਵਿਘਨ)

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਗਰਾਊਂਡ ਨਾਲ ਪੜ੍ਹੋ । (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।)

Mr. Speaker : No... No... No... Don't run away with this impression. ਉਸੇ ਮੁੱਦੇ ਤੇ ਬਹਿਸ ਹੋਏਗੀ ਜਿਹੜੀ ਗਰਾਊਂਡ ਇਨ੍ਹਾਂ ਨੇ ਲਿਖ ਕੇ ਦਿੱਤੀ ਹੈ। (ਵਿਘਨ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੇ ਪਾਸ ਕਾਨੂੰਨ ਹੈ ।(ਰੂਲਜ਼ ਆਫ ਪ੍ਰੋਸੀਜਰ ਦਿਖਾਉਂਦਿਆਂ) ਮੈਂ ਇੱਕ ਮਿੰਟ, ਪੜ੍ਹ ਦਿੰਦਾ ਹਾਂ ਜੀ..... (ਵਿਘਨ)

Mr. Speaker : I know. (interruptions) ਮੈਂ ਗਰਾਊਂਡ ਪੜ੍ਹ ਕੇ ਸੁਣਾ ਦਿੰਦਾ ਹਾਂ ਜੀ । (ਵਿਘਨ)

ਸ਼੍ਰੀ ਸੁਨੀਲ ਜਾਖੜ : ਚੰਨੀ ਸਾਹਿਬ, ਪਹਿਲਾਂ ਮੈਨੂੰ ਬੋਲ ਲੈਣ ਦਿਓ । ਮੈਂ ਗਰਾਊਂਡ ਪੜ੍ਹ ਦਿੰਦਾ ਹਾਂ ਜੀ । ਸਪੀਕਰ ਸਾਹਿਬ, with your permission before I start the discussion, ਸਾਡੇ ਆਨਰੇਬਲ ਬੀ.ਜੇ.ਪੀ. ਦੇ ਮੈਂਬਰ ਸਾਹਿਬਾਨ, ਕੁਲੀਸ਼ਨ ਪਾਰਟੀ ਨੂੰ ....(ਵਿਘਨ)

ਮਾਨਯੋਗ ਸਪੀਕਰ : ਤੁਸੀਂ ਉਨ੍ਹਾਂ ਨੂੰ ਐਡਰੈਸ ਨਾ ਕਰੋ। ਤੁਸੀਂ ਆਪਣੀ ਜਿਹੜੀ ਗੱਲ ਹੈ, ਉਹ ਕਰੋ।(ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੀ ਕਹਿਣਾ ਚਾਹੁੰਦਾ ਹਾਂ I draw their attention. ਉਨ੍ਹਾਂ ਨੂੰ ਕਿਤੇ ਇਹ ਨਾ ਹੋਇਆ ਹੋਵੇ ਕਿ ਅਸੀਂ ਰੇਤੇ ਬਜਰੀ ਉੱਤੇ ਜਾਂ ਅਨਇੰਪਲਾਇਮੈਂਟ ਉੱਤੇ ਗਰਾਊਂਡ ਲੈ ਕੇ ਆਏ ਹਾਂ । ਉਨ੍ਹਾਂ ਨੂੰ ਕਿਤੇ ਆਪਣਾ ਪਾਲਾ ਹੋਵੇ । ਇਸ ਕਰਕੇ ਮੈਂ ਗਰਾਊਂਡ ਪੜ੍ਹ ਦਿੰਦਾ ਹਾਂ ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਮੈਂ ਇੱਕ ਬੇਨਤੀ ਕਰ ਦਿੰਦਾ ਹਾਂ, ਮੈਂ ਇਸ ਮਸਲੇ ਨੂੰ ਬੜੀ ਚੰਗੀ ਤਰ੍ਹਾਂ ਸਟੱਡੀ ਕੀਤਾ ਹੈ । ਜਿੰਨੇ ਪਿਛਲੇ ਨੋ ਕਾਨਫੀਡੈਂਸ ਮੋਸ਼ਨ ਮੂਵ ਹੋਏ ਹਨ, ਮੈਂ ਉਨ੍ਹਾਂ ਨੂੰ ਵੀ ਦੇਖਿਆ ਹੈ। ਇਸੇ ਕਰਕੇ ਮੈਂ ਤੁਹਾਨੂੰ ਅਲਾਓ ਕੀਤਾ ਹੈ ।

Shri Sunil Jakhar : Very kind of you.

ਮਾਨਯੋਗ ਸਪੀਕਰ : ਜਿਹੜੀ ਬਹਿਸ ਹੋਣੀ ਹੈ, ਉਹ ਉਸੇ ਗਰਾਉਂਡ ਉੱਤੇ ਹੋਣੀ ਹੈ ਜਿਹੜੀ ਤੁਸੀਂ ਲਿਖ ਕੇ ਦਿੱਤੀ ਹੈ।

Shri Sunil Jakhar : I also admire him the way the Hon'ble C.M has agreed to face this. ਸਹੀ ਗੱਲ ਨੂੰ ਸਹੀ ਕਹਿਣਾ ਪਵੇਗਾ । (ਵਿਘਨ) ਸੁਣ ਤਾਂ ਲਓ, ਸਪੀਕਰ ਸਾਹਿਬ, ਸਾਨੂੰ ਇੱਕ ਮਿੰਟ ਬੋਲ ਤਾਂ ਲੈਣ ਦਿਓ। ਮੈਂ ਆਨਰੇਬਲ ਮੈਂਬਰ ਸਾਹਿਬਾਨ ਸਾਡੇ ਜਿਹੜੇ ਕੁਲੀਸ਼ਨ ਪਾਰਟਨਰ ਹਨ, ਉਨ੍ਹਾਂ ਦੇ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ । ਉਹ ਕਿਤੇ ਘਬਰਾ ਨਾ ਰਹੇ ਹੋਣ, Grounds for moving the No Confidence Motion. I have kept it very brief keeping their reservations in mind ਇਨ੍ਹਾਂ ਦੇ ਬਿਆਨ ਆਪ ਧਿਆਨ ਵਿੱਚ ਰੱਖ ਕੇ ਕਹਿੰਦਾ ਹਾਂ ।

GROUNDS :

The growing drug abuse in Punjab is threatening the very future of youth in the State. The Council of Ministers has not only failed to check the menace of drug trafficking in State but also Senior Ministers and MLAs of the Ruling Party are being investigated for their alleged role in drug trade.

Hence this House has lost its confidence in the present council of Ministers headed by Sardar Parkash Singh Badal, Chief Minister, Punjab.

ਇਸ ਤੇ ਬਹਿਸ ਕਰਨ ਲਈ ਅਸੀਂ ਤੁਹਾਡੇ ਤੋਂ ਪਰਮਿਸ਼ਨ ਮੰਗੀ ਹੈ। ਸਾਨੂੰ ਕਿੰਨਾ ਟਾਈਮ ਦਿਓਗੇ, ਅਕਾਲੀ ਪਾਰਟੀ ਨੂੰ ਕਿੰਨਾ ਟਾਈਮ ਦਿਓਗੇ, ਸਾਡੇ ਜਿਹੜੇ ਇੰਡੀਪੈਂਡੈਂਟ ਮੈਂਬਰ ਸਾਹਿਬਾਨ ਹਨ who are supporting this resolution of No Confidence Motion, ਉਨ੍ਹਾਂ ਨੂੰ ਕਿੰਨਾ ਟਾਈਮ ਦਿਓਗੇ ਤੇ ਖਾਸ ਕਰਕੇ, ਸਪੀਕਰ ਸਾਹਿਬ, I am for the first time being very generous with my time. ਸਾਡੇ ਵਾਲੇ ਟਾਈਮ ਵਿਚੋਂ 25 ਫੀਸਦੀ ਟਾਈਮ ਬੀ.ਜੇ.ਪੀ ਵਾਲਿਆਂ ਨੂੰ ਜ਼ਰੂਰ ਦਿਓ। ਇਨ੍ਹਾਂ ਨੂੰ ਬੁਲਾਉਣਾ ਜ਼ਰੂਰ ਹੈ। ਅੱਜ ਅਸੀਂ ਤੁਹਾਡੇ ਵਾਲਾ ਕੰਮ ਕਰਕੇ ਜਾਵਾਂਗੇ। We will give you a big relief.

Don't worry about it. ਟਾਈਮ ਡਿਸਟ੍ਰੀਬਿਊਟ ਕਰ ਦਿਓ ਜੀ।

ਮੁੱਖ ਮੰਤਰੀ : ਚੌਧਰੀ ਸਾਹਿਬ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਨੂੰ ਬੀ.ਜੇ.ਪੀ. ਫੋਬੀਆ ਕਿਉਂ ਹੋ ਗਿਆ ਹੈ? ਤੁਸੀਂ ਨੋ ਕਾਨਫੀਡੈਂਸ ਮੇਰੇ ਤੇ ਕਰ ਰਹੇ ਹੋ? ਮੇਰੇ ਤੇ ਕਰੋ। (ਵਿਘਨ) ਤੁਸੀਂ ਆਪਣਾ ਕਰੋ ਜਿਵੇਂ ਕਰਨਾ ਹੈ। (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਦੇਖੋ ਕਿਸ ਤਰ੍ਹਾਂ ਖੜ੍ਹੇ ਹੋਏ ਹਨ (ਮਾਨਯੋਗ ਮੁੱਖ ਮੰਤਰੀ ਵੱਲ ਇਸ਼ਾਰਾ) । ਸਪੀਕਰ ਸਾਹਿਬ, ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਤਾਂ ਛਾਤੀ ਤਾਣ ਦਿੱਤੀ ਹੈ ਕਿ ਮੈਂ ਤਾਂ ਇਨ੍ਹਾਂ ਨੂੰ ਤੱਤੀ ਵ੍ਹਾ ਨਹੀਂ ਲੱਗਣ ਦੇਣੀ । ਉਹ ਤਾਂ ਅਸੀਂ ਲਗਾਵਾਂਗੇ, ਜਿਵੇਂ ਲੱਗੇਗੀ । (ਵਿਘਨ)

Mr. Speaker : Please listen, ਹਾਂ ਜੀ, ਮਿੱਤਲ ਸਾਹਿਬ ਜੀ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ No confidence is against the Council of Ministers which includes Akali Ministers and BJP Ministers. ਮੈਨੂੰ ਨਹੀਂ ਸਮਝ ਆਇਆ ਕਿ ਬੀ.ਜੇ.ਪੀ ਦਾ ਇਨ੍ਹਾਂ ਨੂੰ ਕਿਤੇ ਬਰਡ ਫਲੂ ਵਾਂਗ ਅਸਰ ਤਾਂ ਨਹੀਂ ਹੋ ਗਿਆ ਜਿਹੜਾ ਸੁਖਨਾ ਲੇਕ ਤੇ ਹੋਇਆ ਹੈ (ਵਿਘਨ) ਕਿਉਂਕਿ ਇਨ੍ਹਾਂ ਨੇ ਇਲੈੱਕਸ਼ਨ ਲੜਿਆ ਮਹਾਂਰਾਸ਼ਟਰ ਵਿੱਚ, ਹਰਿਆਣੇ ਵਿੱਚ । ਜੰਮੂ ਕਸ਼ਮੀਰ ਦਾ ਰਿਜ਼ਲਟ ਆ ਰਿਹਾ ਹੈ ਔਰ ਝਾਰਖੰਡ ਦਾ ਵੀ ਆ ਰਿਹਾ ਹੈ। ਸੋ, ਇਸ ਕਰਕੇ ਬੀ.ਜੇ.ਪੀ. ਨੇ ਰਾਜ ਕਰਨਾ ਹੀ ਕਰਨਾ ਹੈ।(ਸ਼ੋਰ) ਅੱਜ ਮੇਰਾ ਗਲਾ ਖਰਾਬ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਇਸ ਦੇ ਲਈ ਜਾਖੜ ਸਾਹਿਬ..........

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

ਮਾਨਯੋਗ ਸਪੀਕਰ : ਹਾਂ ਜੀ, ਦੱਸੋ ਜੀ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ।

ਮਾਨਯੋਗ ਸਪੀਕਰ : ਤੁਹਾਡੇ ਲੀਡਰ ਨੇ ਜੋ ਮੂਵ ਕੀਤਾ ਹੈ, ਮੈਂ ਉਹ ਹੀ ਰਿਕੁਮੈਂਡ ਕਰ ਰਿਹਾ ਹਾਂ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਨੂੰ ਗੱਲ ਤਾਂ ਕਰ ਲੈਣ ਦਿਓ।

ਮਾਨਯੋਗ ਸਪੀਕਰ : ਹਾਂ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਮੇਰੇ ਪਾਸ M.N.Kaul and S.L.Shakdher ਦੀ ਬੁੱਕ ਹੈ । ਤੁਹਾਨੂੰ ਇਸ ਬਾਰੇ ਮੇਰੇ ਨਾਲੋਂ ਜ਼ਿਆਦਾ ਜਾਣਕਾਰੀ ਹੈ।

ਮਾਨਯੋਗ ਸਪੀਕਰ : ਹਾਂ ਜੀ, ਮੈਂ ਪੜ੍ਹ ਲਈ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਇਸ ਦੇ ਤਹਿਤ ਹੀ ਸਾਰੀ ਕਾਰਵਾਈ ਚਲਦੀ ਹੈ । ਇਸ ਨੂੰ ਹੀ ਆਧਾਰ ਮੰਨਿਆ ਜਾਂਦਾ ਹੈ ਔਰ ਇਸ ਦੇ 730 ਪੇਜ ਨੂੰ ਮੈਂ ਪੜ੍ਹ ਦਿੰਦਾ ਹਾਂ । ਸਪੀਕਰ ਸਾਹਿਬ, ਜੇ ਤੁਸੀਂ ਕਹਿੰਦੇ ਹੋ ਕਿ ਮੈਨੂੰ ਨਹੀਂ ਪਤਾ ਤਾਂ ਤੁਹਾਡੇ ਸੈਕਟਰੀ ਸਹਿਬ ਦੱਸ ਦੇਣਗੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਇੱਕ ਵਾਰ ਮੋਸ਼ਨ ਤੁਸੀਂ ਅਸੈਪਟ ਕਰ ਲਿਆ ਤਾਂ discussion on a Motion of No Confidence leave to moving of which has been granted by the House, ਤੁਸੀਂ ਹੁਣ ਗਰਾਂਟ ਕਰ ਦਿੱਤੀ ਹੈ।

ਮਾਨਯੋਗ ਸਪੀਕਰ : ਮੈਂ ਗਰਾਂਟ ਕਰ ਦਿੱਤੀ ਹੈ।

Sardar Charanjit Singh Channi : .. is not merely confined to the grounds mentioned in the notice of the Motion. ਇਹ ਕਾਨੂੰਨ ਹੈ। ਇਹ ਨਹੀਂ ਕਿ ਸਿਰਫ ਨਸ਼ਿਆਂ ਤੇ ਬਹਿਸ ਹੋਵੇ । ਸਾਰੇ ਹਿੰਦੁਸਤਾਨ ਦੇ ਵਿਧਾਨ ਵਿੱਚ ਹੈ ਕਿ ਜਦੋਂ ਇੱਕ ਵਾਰ ਮੋਸ਼ਨ ਅਸੈਂਪਟ ਹੋ ਗਿਆ ਤਾਂ ਹਰ ਗੱਲ ਤੇ ਬਹਿਸ ਹੋ ਸਕਦੀ ਹੈ। ਸਰਕਾਰ ਦੀ ਸਾਰੀ ਕਾਰਗੁਜ਼ਾਰੀ ਤੇ ਬਹਿਸ ਹੋਵੇਗੀ। ਇਹ ਜ਼ਰੂਰੀ ਨਹੀਂ ਕਿ ਇੱਕ ਮੁੱਦੇ ਤੇ ਬਹਿਸ ਹੋਵੇ। ਇਹ ਮੈਂ ਕਾਨੂੰਨ ਪੜ੍ਹ ਕੇ ਸੁਣਾ ਰਿਹਾ ਹਾਂ।

ਮਾਨਯੋਗ ਸਪੀਕਰ : ਪ੍ਰੈਕਟਿਸ ਇਹ ਹੈ ਕਿ ਉਸੇ ਗਰਾਊਂਡ ਤੇ ਹੀ ਬਹਿਸ ਹੋਣੀ ਹੈ। ਗਰਾਊਂਡਜ਼ ਦੇਣ ਦਾ ਮਤਲਬ ਹੀ ਇਹ ਹੈ ਕਿ ਇਨ੍ਹਾਂ ਤੇ ਹੀ ਬਹਿਸ ਹੋਣੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ** **

** Not recorded as ordered by the Chair.

Mr. Speaker : Not to be recorded. ਗਰਾਊਂਡਜ਼ ਦੇਣ ਦਾ ਮਤਲਬ ਹੀ ਇਹ ਹੈ ਕਿ ਜਿਹੜੀਆਂ ਗਰਾਊਂਡਜ਼ ਦਿੱਤੀਆਂ ਹਨ, ਇਨ੍ਹਾਂ ਗਰਾਊਂਡਜ਼ ਤੇ ਹੀ ਬਹਿਸ ਹੋਣੀ ਹੈ। ਇਸ ਲਈ 2 ਘੰਟੇ ਦਾ ਟਾਈਮ ਹੈ ਅਤੇ ਡਵੀਜ਼ਨ ਕਰਕੇ ਮੈਂ ਟਾਈਮ ਦੱਸ ਦਿੰਦਾ ਹਾਂ। ਤੁਸੀਂ ਬਹਿਸ ਸ਼ੁਰੂ ਕਰੋ।

ਸ੍ਰੀ ਸੁਨੀਲ ਜਾਖੜ (ਅਬੋਹਰ) : ਸਪੀਕਰ ਸਾਹਿਬ, with a very heavy heart, ਬਹੁਤ ਹੀ ਦੁਖੀ ਮਨ ਨਾਲ ਮੈਂ No Confidence Motion ਮੂਵ ਕੀਤਾ ਹੈ Because I am product of that democratic process. ਲੋਕਾਂ ਨੇ ਚੁਣ ਕੇ ਭੇਜਿਆ ਹੈ। ਲੋਕਾਂ ਨੇ ਸਰਕਾਰ ਨੂੰ ਵੀ 5 ਸਾਲ ਵਾਸਤੇ ਚੁਣ ਕੇ ਭੇਜਿਆ ਸੀ। ਮੈਂ ਨਹੀਂ ਸਮਝਦਾ ਕਿ ਕਿਸੇ ਮਾਮੂਲੀ ਗੱਲ ਵਾਸਤੇ No Confidence Motion ਲਿਆਂਦਾ ਜਾਵੇ। There are certain policies with which the opposition does not agree and it is the right and people's mandate to carry out the policies. But Speaker Sahib, ਕੁਝ ਇਹੋ ਜਿਹੇ ਹਾਲਾਤ ਬਣ ਗਏ ਜਿਨ੍ਹਾਂ ਨੂੰ ਲੈ ਕੇ ਸਾਨੂੰ ਸਰਕਾਰ ਦੇ ਖਿਲਾਫ ਇਹ ਮੋਸ਼ਨ ਲਿਆਉਣਾ ਪਿਆ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਉਸ ਗੁਰਸਿੱਖ ਬੱਚੀ ਤੋਂ ਮੁਆਫੀ ਮੰਗਦਾ ਹਾਂ ਜਿਸ ਨੇ ਇਸ 12 ਤਾਰੀਖ ਨੂੰ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਘਰ ਦੇ ਸਾਹਮਣੇ ਆਪਣੇ ਆਪ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਸੀ। ਮੈਂ ਉਸ ਕੋਲ ਹਸਪਤਾਲ ਵਿੱਚ ਜਾ ਕੇ ਉਸ ਨੂੰ ਮਿਲ ਕੇ ਆਸ਼ਵਾਸਨ ਦਿੱਤਾ ਸੀ ਕਿ ਮੈਂ ਤੁਹਾਡੀ ਨੌਕਰੀ ਵਾਲੀ ਗੱਲ ਤੇ ਸਰਕਾਰ ਨੂੰ ਜਾਂਦੇ ਹੀ ਘੇਰਾਂਗਾ ਅਤੇ ਜਵਾਬ ਲੈ ਕੇ ਦੇਵਾਂਗਾ। But I think ਮੈਂ ਉਸ ਗੱਲ ਤੇ ਝੂਠਾ ਪੈ ਗਿਆ ਕਿਉਂਕਿ ਅੱਜ ਮਸਲਾ ਇਕੱਲੀ ਉਸ ਬੀਬੀ ਗੁਰਪ੍ਰੀਤ ਕੌਰ ਦਾ ਨਹੀਂ ਬਲਕਿ ਅੱਜ ਮਸਲਾ ਪੰਜਾਬ ਦੀ ਨੌਜਵਾਨੀ ਦਾ ਹੈ। ਸਾਡੀ ਕਰੀਬ 2 ਕਰੋੜ 75 ਲੱਖ ਦੀ ਆਬਾਦੀ ਹੈ, If we go by the normal average, ਜਿਹੜਾ ਟਰੇਜ਼ਰੀ ਬੈਂਚਿਜ਼ ਤੋਂ ਵਾਰ-ਵਾਰ ਸੁਣਨ ਲਈ ਮਿਲਦਾ ਹੈ ਅਤੇ ਕਹਿੰਦੇ ਹਨ ਕਿ ਹਿੰਦੁਸਤਾਨ ਦਾ ਸਰਮਾਇਆ ਹੈ....

ਮਾਨਯੋਗ ਸਪੀਕਰ : ਜਾਖੜ ਸਾਹਿਬ, ਇੱਕ ਮਿੰਟ ਰੁਕੋ ਜੀ। ਦੋ ਘੰਟੇ ਦਾ ਟੋਟਲ ਸਮਾਂ ਹੈ। 59 ਮਿੰਟ ਸ਼੍ਰੋਮਣੀ ਆਕਾਲੀ ਦਲ ਕੋਲ ਹਨ, 13 ਮਿੰਟ ਬੀ.ਜੇ.ਪੀ. ਦੇ ਹਨ, ਕਾਂਗਰਸ ਪਾਰਟੀ ਦੇ 45 ਮਿੰਟ ਅਤੇ ਆਜ਼ਾਦ ਮੈਂਬਰਾਂ ਦੇ 3 ਮਿੰਟ ਹਨ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਾਡੇ ਟਾਈਮ ਵਿੱਚੋਂ 10 ਮਿੰਟ ਆਜ਼ਾਦ ਮੈਂਬਰਾਂ ਨੂੰ ਦੇ ਦਿਉ। ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ if I go by normal trends/statistics everybody flaunts about this, ਜਿਹੜੇ ਸਾਡੇ ਕੋਲ ਅੰਕੜੇ ਹਨ, ਜਿਹੜਾ ਹਿੰਦੁਸਤਾਨ ਦਾ ਸਰਮਾਇਆ ਹੈ, it is the young population. 15 ਸਾਲ ਤੋਂ 35 ਸਾਲ ਤੱਕ ਦੀ ਆਬਾਦੀ ਲਗਭਗ 65 ਪ੍ਰਤੀਸ਼ਤ ਹੈ। If we apply the same yardstick, I think it is roughly 1 crore 70 lakhs something ਅਤੇ ਇਸ 2 ਕਰੋੜ 70 ਲੱਖ ਵਿੱਚੋਂ 1 ਕਰੋੜ 70 ਲੱਖ ਦੇ ਕਰੀਬ ਨੌਜਵਾਨ ਬਣਦੇ ਹਨ। ਉਨ੍ਹਾਂ ਨੌਜਵਾਨਾਂ ਵਿੱਚੋਂ ਬੀਬੀ ਗੁਰਪ੍ਰੀਤ ਕੌਰ ਤਾਂ ਇਕੱਲੀ ਸੀ ਪਰ ਜਿਹੜੇ 70 ਫੀਸਦੀ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਆਏ ਹਨ they encountered or have somehow been affected by the drug abuse, ਉਨ੍ਹਾਂ ਲੋਕਾਂ ਨੂੰ ਦੇਖੀਏ ਤਾਂ ਇੱਕ ਕਰੋੜ ਦਾ ਅੰਕੜਾ ਬਣਦਾ ਹੈ। ਇੱਕ ਕਰੋੜ ਬੱਚਿਆਂ ਦੀ ਵਿਥਿਆ ਨੂੰ ਲੈ ਕੇ ਮੈਂ ਅੱਜ ਖੜ੍ਹਾ ਹੋਇਆ ਹਾਂ ਕਿਉਂਕਿ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਹੈ। ਉਸ ਦੀ ਚਿੰਤਾ ਪ੍ਰਗਟ ਕਰਨ ਵਾਸਤੇ, because as the motion says that the Government has not only failed to check that drug abuse but some of their members have been accused of involvement in it and patronizing the same. ਸਪੀਕਰ ਸਾਹਿਬ, ਇਸ ਕਰਕੇ ਮੈਂ ਮਜਬੂਰ ਹੋ ਕੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਮੈਂ ਜਦੋਂ ਕੱਲ੍ਹ ਤੁਹਾਡੇ ਦਫਤਰ ਵਿਚ ਬੈਠਾ ਸੀ, ਤੁਹਾਡੇ ਨਾਲ ਗੱਲ ਕੀਤੀ ਅਤੇ ਲਿਸਟ ਦਿੱਤੀ ਕਿ ਡਰੱਗ ਐਬਿਊਜ਼ ਅਤੇ ਅਨਇੰਪਲਾਇਮੈਂਟ ਬਾਰੇ ਗੱਲ ਕਰਨੀ ਹੈ। But I was really surprised ਮੇਰੇ ਨੌਜਵਾਨ ਸਾਥੀ ਢੀਂਡਸਾ ਸਾਹਿਬ ਵੀ ਬੈਠੇ ਸਨ, ਮੈਂ ਉਨ੍ਹਾਂ ਦਾ ਬਹੁਤ ਰਿਗਾਰਡ ਕਰਦਾ ਹਾਂ। ਉਹ ਕਹਿਣ ਲੱਗੇ ਕਿ ਜਾਖੜ ਸਾਹਿਬ, ਤੁਸੀਂ ਵਾਰੀ ਵਾਰੀ ਉਹੋ ਹੀ ਲੈ ਆਉਂਦੇ ਹੋ। ਡਰੱਗ ਐਬਿਊਜ਼ ਦਾ ਮੁੱਦਾ ਵੀ ਪਹਿਲਾਂ ਡਿਸਕਸ ਕੀਤਾ ਸੀ। ਅਨਇੰਪਲਾਇਮੈਂਟ ਦਾ ਮੁੱਦਾ ਵੀ ਪਿਛਲੀ ਵਾਰ ਡਿਸਕਸ ਕੀਤਾ ਸੀ। ਹੁਣ ਤੁਸੀਂ ਫਿਰ ਚੁੱਕੀ ਖੜ੍ਹੇ ਹੋ। ਸਪੀਕਰ ਸਾਹਿਬ, I was really worried by this attitude, ਕਿ ਇਥੇ ਆ ਕੇ ਪੱਲਾ ਝਾੜ ਕੇ ਅਤੇ ਗੱਲਾਂ ਕਰਕੇ ਤੁਰ ਗਏ। They don't mean what they say. ਇਥੇ ਲੋਕਾਂ ਨੂੰ ਝੂਠੇ ਲਾਰੇ ਲਗਾਏ ਕਿ ਅਸੀਂ 1000 ਰੁਪਿਆ ਬੇਰੁਜ਼ਗਾਰੀ ਭੱਤਾ ਦਿਆਂਗੇ, 2 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿਆਂਗੇ। ਅਸੀਂ ਪੰਜ ਸਾਲਾਂ ਵਿਚ ਸੱਤ ਲੱਖ ਲੋਕਾਂ ਲਈ

ਰੁਜ਼ਗਾਰ ਐਵਨਿਊ ਕਰੀਏਟ ਕਰਕੇ ਦਿਆਂਗੇ ਆਦਿ, ਇਹ ਸਾਰੀਆਂ ਗੱਲਾਂ ਇਨ੍ਹਾਂ ਨੇ ਆਪਣੀ ਇਲੈਕਸ਼ਨ ਦੇ ਦੌਰਾਨ ਕਹੀਆਂ ਸਨ। ਜਦੋਂ ਮੈਂ ਗੱਲ ਕੀਤੀ ਸੀ ਤਾਂ ਬੜੀ ਹਲੀਮੀ ਨਾਲ ਅਤੇ ਬੜੀ ਜ਼ਿੰਮੇਵਾਰੀ ਨਾਲ ਗੱਲ ਕੀਤੀ ਸੀ ਕਿ ਇਕ ਇਹੋ ਜਿਹੀ ਪਾਰਟੀ ਜਿਸ ਨੇ ਹਮੇਸ਼ਾ ਹੀ ਲੋਕਾਂ ਦੀ ਗੱਲ ਕੀਤੀ ਹੈ। ਭਾਵੇਂ ਕਿ ਸਾਡੇ ਅਕਾਲੀ ਦਲ ਨਾਲ ਰਾਜਨੀਤਕ ਵਿਰੋਧ ਹਨ ਪਰ ਸਚਾਈ ਵਾਸਤੇ ਲੜਾਈ ਲੜਨ ਵਾਲੀ ਪਾਰਟੀ ਦੇ ਪ੍ਰਧਾਨ ਇਹੋ ਜਿਹਾ ਬਿਆਨ ਦੇ ਕੇ ਆਪਣਾ ਪੱਲਾ ਬਿਲਕੁਲ ਹੀ ਝਾੜ ਲੈਣ, ਇਸ ਕਰਕੇ ਇਹ ਬੜਾ ਹੀ ਚਿੰਤਾ ਵਾਲਾ ਵਿਸ਼ਾ ਸੀ। ਸਪੀਕਰ ਸਾਹਿਬ, ਇਨ੍ਹਾਂ ਦਾ ਵੀ ਕੋਈ ਕਸੂਰ ਨਹੀਂ ਹੈ। ਇਹ ਇੰਪਲਾਇਮੈਂਟ ਐਕਸਚੇਂਜ ਤੋਂ ਅੰਕੜੇ ਲੈ ਕੇ ਗੱਲ ਕਰਦੇ ਹਨ। ਉਥੇ ਤਾਂ ਕੇਵਲ 3 ਲੱਖ ਲੋਕ ਹੀ ਰਜਿਸਟਰਡ ਹਨ। ਉਹ ਕਹਿੰਦੇ ਹਨ ਕਿ ਸਾਡੇ ਤਾਂ ਅਨਇੰਪਲਾਇਮੈਂਟ ਨਹੀਂ ਹੈ, ਅਸੀਂ ਤਾਂ ਇੰਪਲਾਇਮੈਂਟ ਜੈਨਰੇਟ ਕਰ ਦਿੱਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਪਲਾਇਮੈਂਟ ਜੈਨਰੇਟ ਕਰਨ ਵਾਸਤੇ ਇਸ ਤੋਂ ਮਾੜਾ ਦਿਨ ਪੰਜਾਬ ਵਾਸਤੇ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਮੋਗੇ ਹਲਕੇ ਵਿੱਚ ਇਕ ਪਿੰਡ ਦੌਲੇਵਾਲਾ ਹੈ। ਉਸ ਦੇ ਬਾਹਰ ਪੰਜਾਬ ਪੁਲਿਸ ਨੇ ਇਕ ਬੋਰਡ ਲਗਵਾ ਦਿੱਤਾ ਕਿ ਇਸ ਪਿੰਡ ਦਾ ਹਰੇਕ ਟੱਬਰ, ਹਰੇਕ ਪਰਿਵਾਰ, ਭਾਵ ਛੋਟਾ ਬੱਚਾ ਵੀ ਡਰੱਗ ਟਰੈਫਿਕਿੰਗ ਵਿਚ ਇਨਵਾਲਵ ਹੈ ਅਤੇ ਇਹ ਪਿੰਡ ਡਰੱਗ ਦਾ ਗੜ੍ਹ ਹੈ। ਇਕੱਲੇ ਦੌਲੇਵਾਲਾ ਪਿੰਡ ਹੀ ਨਹੀਂ। ਮੈਂ ਇਕ ਦਿਨ ਸਕੀਮ ਬਣਾਈ ਸੀ ਕਿ ਸੀ.ਐਲ.ਪੀ. ਦੀ ਮੀਟਿੰਗ ਮਕਬੂਲਪੁਰੇ (ਅੰਮ੍ਰਿਤਸਰ) ਜਾ ਕੇ ਕਰਦੇ ਹਾਂ। ਸਾਡੇ ਅੰਮ੍ਰਿਤਸਰ ਤੋਂ ਕਈ ਸਾਥੀਆਂ ਦੇ ਟੈਲੀਫੂਨ ਆ ਗਏ ਕਿ ਮਕਬੂਲਪੁਰੇ ਦੇ ਵਾਸੀ ਮਹਿਸੂਸ ਕਰਦੇ ਹਨ ਕਿ ਤੁਸੀਂ ਉਨ੍ਹਾਂ ਨੂੰ ਸਟਿਗਮੇਟਾਈਜ਼ ਕਰ ਰਹੇ ਹੋ। ਫਿਰ ਅਸੀਂ ਇਹ ਸਕੀਮ ਡਰਾਪ ਕਰ ਦਿੱਤੀ। ਦੌਲੇਵਾਲਾ ਪਿੰਡ ਵਾਲਿਆਂ ਨੇ ਵੀ ਰੌਲਾ ਪਾਇਆ ਅਤੇ ਬੋਰਡ ਪੁੱਟ ਕੇ ਲੈ ਗਏ। ਸਪੀਕਰ ਸਾਹਿਬ, ਅੱਜ ਇਹ ਮਸਲਾ ਇਕੱਲੇ ਪਿੰਡ ਦੌਲੇਵਾਲਾ ਜਾਂ ਮਕਬੂਲਪੁਰੇ (ਅੰਮ੍ਰਿਤਸਰ) ਦਾ ਨਹੀਂ ਹੈ। ਇਹ ਤਾਂ ਹੁਣ ਘਰ ਘਰ ਦੀ ਕਹਾਣੀ ਹੈ। ਉਨ੍ਹਾਂ ਨੂੰ ਡਰੱਗ ਟਰੈਫਕਿੰਗ ਦਾ ਰੁਜ਼ਗਾਰ ਦੇ ਦਿੱਤਾ। ਅਸੀਂ ਤਾਂ ਆਪਣੀ ਸੀ.ਐਲ.ਪੀ. ਦੀ ਮੀਟਿੰਗ ਨਹੀਂ ਕੀਤੀ ਪ੍ਰੰਤੂ ਤੁਸੀਂ ਦੱਸੋ ਕਿਸ ਕਿਸ ਦਾ ਮੂੰਹ ਫੜੋਗੇ। ਜਦੋਂ ਸ਼੍ਰੀ ਰਾਹੁਲ ਗਾਂਧੀ ਜੀ ਡੇਢ ਸਾਲ ਪਹਿਲਾਂ ਇਥੇ ਆ ਕੇ ਗਏ ਸਨ, ਉਨ੍ਹਾਂ ਨੇ ਸਿਰਫ ਪੰਜਾਬ ਯੂਨੀਵਰਸਿਟੀ ਵਿਚ ਹੀ ਛੋਟਾ ਜਿਹਾ ਮੰਚ ਵੇਖਿਆ ਸੀ ਜਿਥੇ ਕਿ ਤਿੰਨ-ਚਾਰ ਹਜ਼ਾਰ ਨੌਜਵਾਨ ਹੋਣਗੇ, ਉਥੇ ਇਹ ਗੱਲ ਕੀਤੀ ਸੀ ਕਿ 70%

[ਸ਼੍ਰੀ ਸੁਨੀਲ ਜਾਖੜ]

ਨੌਜਵਾਨ ਪੰਜਾਬ ਵਿੱਚ ਕਿਤੇ ਕਿਤੇ ਨਸ਼ਿਆਂ ਦੀ ਲਪੇਟ ਵਿਚ ਆਇਆ ਹੋਇਆ ਹੈ। ਇਥੇ ਵਿਧਾਨ ਸਭਾ ਦੇ ਅੰਦਰ ਖੌਰੂ ਪਾ ਦਿੱਤਾ ਕਿ ਸਾਡੇ ਪੰਜਾਬ ਦੇ ਉਤੇ ਧੱਬਾ ਲਗਾ ਦਿੱਤਾ ਅਤੇ ਸਾਡੇ ਪੰਜਾਬ ਨੂੰ ਕਾਂਗਰਸੀਆਂ ਨੇ ਬਦਨਾਮ ਕਰ ਦਿੱਤਾ ਹੈ। ਸਾਡਾ ਤਾਂ ਕਾਂਗਰਸ ਨੇ ਦਿਵਾਲਾ ਕੱਢ ਦਿੱਤਾ ਹੈ। ਅੱਜ ਨਹੀਂ ਬੋਲਦੇ। ਅੱਜ ਰੇਡੀਉ ਉਤੇ ਮਨ ਕੀ ਬਾਤ ਕਰਦੇ ਹਨ। ਕਿਹੜੇ ਮਨ ਨਾਲ ਗੱਲ ਕਰਦੇ ਹਨ ਕਿ ਮੈਂ ਪੰਜਾਬ ਗਯਾ ਥਾ। ਸਪੀਕਰ ਸਾਹਿਬ, we have political differences, ਚਾਹੇ ਕਾਂਗਰਸੀ ਹਨ, ਚਾਹੇ ਅਕਾਲੀ ਸਾਥੀ ਹਨ, ਪੰਜਾਬ ਦੀ ਜਵਾਨੀ ਵਾਸਤੇ ਸਾਨੂੰ ਇਕੱਠਿਆਂ ਹੰਭਲਾ ਮਾਰਨ ਦੀ ਜ਼ਰੂਰਤ ਹੈ । ਪੰਜਾਬ is known for its sacrifices. ਪੰਜਾਬ ਨੇ ਬਲੀਦਾਨ ਦਿੱਤੇ ਹਨ। ਪੰਜਾਬ ਨੇ ਪੀ.ਐਲ. 84 ਤੋਂ ਖਹਿੜਾ ਛੁਡਵਾ ਕੇ ਸਾਰੇ ਹਿੰਦੁਸਤਾਨ ਦਾ ਢਿੱਡ ਭਰਿਆ ਹੈ। ਪੰਜਾਬ ਨੇ ਸਾਰੇ ਦੇਸ਼ ਨੂੰ ਅੰਨ ਦਿੱਤਾ ਹੈ। Punjab should be known for its sacrifices. ਪੰਜਾਬ ਸੁਨੱਖੇ ਨੌਜਵਾਨਾਂ ਵਾਸਤੇ ਜਾਣਿਆ ਜਾਂਦਾ ਹੈ । Our Hon'ble Prime Minister ਕਹਿੰਦੇ ਹਨ ਕਿ ਮੈਂ ਗਿਆ ਸੀ ਅਤੇ ਉਥੇ ਮੈਨੂੰ ਬੁੜ੍ਹੀਆਂ ਨੇ ਘੇਰ ਲਿਆ ਅਤੇ ਕਹਿਣ ਲੱਗੀਆਂ ਕਿ ਸਾਡੇ ਬੱਚਿਆਂ ਨੂੰ ਬਚਾਅ ਲਵੋ। ਉਨ੍ਹਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿੱਚ ਸਾਰਿਆਂ ਤੋਂ ਵੱਡਾ ਕੋਹੜ ਜਿਹੜਾ ਲੱਗਾ ਹੈ, ਉਹ ਨਸ਼ਿਆਂ ਦਾ ਲੱਗਾ ਹੋਇਆ ਹੈ। ਨਸ਼ੇ ਕਰਨ ਵਾਲੇ ਨੂੰ ਤੁਸੀਂ ਕੁਝ ਨਾ ਕਹੋ। ਨਸ਼ਾ ਮਾੜਾ ਹੈ। ਜਿਹੜਾ ਨਸ਼ਾ ਕਰਨ ਵਾਲੇ ਸਨ, ਕਿੰਨੇ ਸਨ? ਐਗਜ਼ੈਕਟ ਫਿਗਰ ਤਾਂ ਮੇਰੇ ਕੋਲ ਨਹੀਂ ਹੈ। I would not quote the figures. ਡਿਪਟੀ ਸੀ.ਐਮ. ਸਾਹਿਬ ਨੂੰ ਸ਼ਾਇਦ ਧਿਆਨ ਹੋਣਾ ਹੈ ਕਿਉਂਕਿ ਇਨ੍ਹਾਂ ਨੇ ਪੜ੍ਹਿਆ ਸੀ ਕਿ ਤਕਰੀਬਨ 25000 ਨੌਜਵਾਨ ਫੜ ਕੇ ਜੇਲ੍ਹਾਂ ਵਿਚ ਠੋਕ ਰੱਖੇ ਹਨ but he was kind enough in his discussion last time.. ਇਨ੍ਹਾਂ ਨੇ ਕਿਹਾ ਸੀ ਕਿ ਅਗਰ ਤੁਹਾਨੂੰ ਲੱਗਦਾ ਹੈ ਕਿ ਇਹ ਡਰੱਗ ਸਮੱਗਲਰ ਨਹੀਂ ਹੈ, ਮਾੜੀ-ਮੋਟੀ ਲੈਣ ਵਾਲਾ ਹੀ ਹੈ, ਤੁਸੀਂ ਐਮ.ਐਲ.ਏ. ਮੈਨੂੰ ਚਿੱਠੀ ਲਿਖ ਕੇ ਦੇ ਦਿਉ ਤੇ ਮੈਂ ਛੁਡਵਾ ਦਿਆਂਗਾ। ਸਪੀਕਰ ਸਾਹਿਬ, this is not the name of good governance. This is basically politicizing the policing ਕਿ ਤੁਸੀਂ ਆ ਕੇ ਮੇਰੇ ਗੋਡੀਂ ਹੱਥ ਲਗਾਓ ਤੇ ਅਸੀਂ ਉਨ੍ਹਾਂ ਦਾ ਖਹਿੜਾ ਛੱਡ ਦਿਆਂਗੇ ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ

ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਿਤੇ ਨਹੀਂ ਕਿਹਾ ਕਿ ਤੁਸੀਂ ਐਮ. ਐਲ. ਏਜ਼ ਆਓ ਤੇ ਜਿਸ ਦਾ ਨਾਂ ਲਓ ਤੇ ਉਸ ਨੂੰ ਛੁਡਾ ਲਓ । ਜਾਖੜ ਸਾਹਿਬ, don't distort my versions. What I said was ਜੇ ਕੋਈ ਪਿੰਡ ਦੀ ਪੰਚਾਇਤ ਜਾਂ ਪਰੋਮੀਨੈਂਟ ਬੰਦੇ ਗਾਰੰਟੀ ਲੈਣ, ਜਿਸ ਦੀ ਮਾਈਨਰ ਕੁਆਂਟਿਟੀ ਹੈ, there is a provision in the law. If they take responsibility, ਵਿਲੇਜ ਪੰਚਾਇਤ ਜਾਂ ਪਰੋਮੀਨੈਂਟ ਪਰਸਨ ਰਿਸਪਾਂਸੀਬਿਲਟੀ ਲੈਣਗੇ, that they will ensure, there is a provision in the law, ਜਿਸ ਕਰਕੇ we do not want to put everyone in jail and make them hardened criminals. Please do not distort the facts.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ even going by his explanation, ਅਸੀਂ ਵੀ ਜ਼ੁੰਮੇਵਾਰ ਬੰਦੇ ਹਾਂ, ਐਮ. ਐਲ. ਏਜ਼ ਵੀ ਜ਼ੁੰਮੇਵਾਰ ਬੰਦੇ ਹਨ ਜਿਨ੍ਹਾਂ ਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ । I can have the record check. ਤੁਸੀਂ ਕਿਹਾ ਸੀ ਕਿ ਜੇ ਤੁਸੀਂ ਮੈਨੂੰ ਲਿਖ ਕੇ ਦਿਓਗੇ, we will look into it. Anyhow, I am agreeing with your point. ਤੁਸੀਂ ਕਿਹਾ ਸੀ ਕਿ ਬੰਦੇ ਪਕੜੇ ਗਏ ਹਨ ਪਰ ਜਿਹੜੇ 25000 ਪਕੜੇ ਗਏ ਹਨ, they are in thousands. ਜੇਲ੍ਹਾਂ ਵਿੱਚ ਜਗ੍ਹਾ ਨਹੀਂ ਹੈ, ਉਨ੍ਹਾਂ ਨੂੰ ਰੱਖਣ ਵਾਸਤੇ । ਇੰਨਾ ਮਾੜਾ ਹਾਲ ਕਰ ਦਿੱਤਾ ਕਿ ਉਹ ਸਾਰੇ ਧੱਕ ਦਿੱਤੇ । ਸਾਡੇ ਪ੍ਰਧਾਨ ਮੰਤਰੀ ਜੀ ਕਹਿੰਦੇ ਹਨ ਕਿ ਉਨ੍ਹਾਂ ਨਾਲ ਘਿਰਣਾ ਨਾ ਕਰੋ ਬਲਕਿ ਉਨ੍ਹਾਂ ਦੇ ਪਾਪ ਨਾਲ ਘਿਰਣਾ ਕਰੋ । ਜਿਹੜੇ ਨਸ਼ਿਆਂ ਦਾ ਕੰਮ ਕਰਨ ਵਾਲੇ ਹਨ, ਉਨ੍ਹਾਂ ਨੂੰ ਆਪਾਂ ਹੱਥ ਨਹੀਂ ਪਾਉਂਦੇ । I sincerely believe, ਉਨ੍ਹਾਂ ਨੇ ਪਤਾ ਨਹੀਂ ਮਨ ਕੀ ਬਾਤ ਕੀਤੀ ਜਾਂ ਕਿਵੇਂ ਕੀਤੀ । But he, in the same breath, ਤਿੰਨ-ਚਾਰ ਦਿਨ ਪਹਿਲਾਂ ਉਹ ਜੰਮੂ ਵਿਖੇ ਬੋਲ ਰਹੇ ਸੀ, ਉਨ੍ਹਾਂ ਨੇ ਨਾਰਕੋਟੈਰੋਰਿਜ਼ਮ ਦੀ ਗੱਲ ਕੀਤੀ । ਉਨ੍ਹਾਂ ਨੇ ਕਿਹਾ ਕਿ ਹਿੰਦੁਸਤਾਨ ਨੂੰ ਨਾਰਕੋਟੈਰੋਰਿਜ਼ਮ ਤੋਂ ਬੜਾ ਖਤਰਾ ਹੈ, all these funds being generated through drug trafficking and being used for terrorism. Sir, we are a border state. We have gone through those dark days of militancy. Militancy we have seen. Terrorism we have seen. Across the border terrorism we have seen. Sir, this is a vicious circle. ਬੇਰੁਜ਼ਗਾਰੀ ਵਿੱਚ ਨਸ਼ਿਆਂ ਤੇ ਲੋਕਾਂ ਨੂੰ ਰੁਜ਼ਗਾਰ ਮਿਲ ਗਿਆ ਤੇ ਉਹ

[ਸ਼੍ਰੀ ਸੁਨੀਲ ਜਾਖੜ]

ਜਿਹੜਾ ਰੁਜ਼ਗਾਰ ਹੈ, is funding the terrorists across the border and anti-social elements within the state. ਕੀ ਸਾਡੀ ਜ਼ੁੰਮੇਵਾਰੀ ਨਹੀਂ ਬਣਦੀ ਕਿ ਅਸੀਂ ਉਸ ਤੇ ਕਾਰਵਾਈ ਕਰੀਏ, ਉਸ ਨਾਲ ਅਸੀਂ ਨਿਬੜੀਏ । ਤੁਸੀਂ ਪਿਛਲੀ ਵਾਰ ਵੀ ਕਿਹਾ ਸੀ ਤੇ ਹੁਣ ਤੁਸੀਂ ਕਹੋਗੇ ਕਿ I am distorting the facts. So, I am again saying that he, on the floor of the House, read a very large list. ਕਿ ਜਿੰਨੀ ਸੀਜ਼ਰ ਅਸੀਂ ਕੀਤੀ ਹੈ, ਇਸ ਤੋਂ ਜ਼ਿਆਦਾ ਸੀਜ਼ਰ ਕਿਤੇ ਨਹੀਂ । ਸਪੀਕਰ ਸਾਹਿਬ, ਸਾਨੂੰ ਅੰਕੜੇ ਨਾ ਪੜ੍ਹਾਓ । ਅੰਕੜੇ ਬੀ.ਜੇ.ਪੀ. ਵਾਲਿਆਂ ਨੂੰ ਪੜ੍ਹਾਓ । ਅੰਕੜੇ ਜਾ ਕੇ ਪ੍ਰਧਾਨ ਮੰਤਰੀ ਜੀ ਨੂੰ ਪੜ੍ਹਾਓ। You have not been able to convince and carry on with your own colleagues who are partners in the same Government with you. ਉਹ ਖੜ੍ਹੇ ਹੋ ਕੇ ਕਹਿੰਦੇ ਹਨ, ਅਸਤੀਫਾ ਦਿਓ। ਉਹ ਅਸਤੀਫਾ ਮੰਗ ਕਰ ਰਹੇ ਹਨ । ਦੇਸ਼ ਦਾ ਪ੍ਰਧਾਨ ਮੰਤਰੀ ਖੜ੍ਹਾ ਹੋ ਕੇ singling out Punjab. ਉਨ੍ਹਾਂ ਨੇ ਦੋ ਹੀ ਨਾਂ ਲਏ । ਜਾਂ ਤਾਂ ਉਨ੍ਹਾਂ ਨੇ ਆਸਾਮ ਦੀ ਗੱਲ ਕੀਤੀ ਹੈ, ਮਨ ਕੀ ਬਾਤ ਵਿੱਚ ਜਾਂ ਫਿਰ ਪੰਜਾਬ ਦੀ ਗੱਲ ਕੀਤੀ । ਟੈਰੋਰਿਜ਼ਮ ਦੇ ਰਿਲੇਟਿਡ ਆਸਾਮ ਤਾਂ ਹੋ ਸਕਦਾ ਹੈ, ਸਾਡੇ ਤਾਂ ਟੈਰੋਰਿਜ਼ਮ ਨੂੰ ਖਤਮ ਕੀਤਿਆਂ ਟਾਈਮ ਹੋ ਗਿਆ ਹੈ। ਉਹ ਹੁਣ ਫਿਰ ਪਨਪ ਰਿਹਾ ਹੈ । And the second thing, Sir, why Punjab's name, why today this No-Confidence Motion? ਜਿਸ ਨੂੰ ਲੈ ਕੇ ਸਾਰੀ ਚਿੰਗਾਰੀ ਭੜਕੀ, ਉਹ ਡਰੱਗ ਸਮਗਲਰ ਭੋਲਾ ਸੀ । ਉਸ ਸਮੇਂ ਡਰੱਗ ਸਕੈਂਡਲ ਦੀ ਐਪਰੋਕਸੀਮੇਟ ਵੈਲਿਊ ਜੋ ਡਿਪਟੀ ਸੀ. ਐਮ. ਸਾਹਿਬ ਅਤੇ ਹੋਰ ਅਖਬਾਰਾਂ ਨੇ ਕਹੀ ਸੀ, ਉਹ ਵੈਲਿਊ ਛੇ ਹਜ਼ਾਰ ਕਰੋੜ ਰੁਪਏ ਪਾਈ ਸੀ । ਇਸ ਦੀ ਮਾਰਕੀਟ ਵੈਲਿਊ ਛੇ ਹਜ਼ਾਰ ਕਰੋੜ ਰੁਪਿਆ ਹੈ। ਸਪੀਕਰ ਸਾਹਿਬ, ਇੱਕ ਪਾਸੇ ਐਨ.ਡੀ.ਏ. ਨੇ ਕੰਮ ਚਾਲੂ ਕੀਤਾ ਹੈ ਕਿ ਬਾਹਰੋਂ ਕਾਲਾ ਧਨ ਲੈ ਕੇ ਆਵਾਂਗੇ । ਉਸ ਚੱਕਰ ਵਿੱਚ ਸਾਨੂੰ ਬੁਲਾਇਆ ਗਿਆ ਕਿ ਉਹ ਕਾਲਾ ਧਨ ਲੈ ਕੇ ਆਉਣਾ ਹੈ । ਇੱਕ ਦੇ ਬਾਅਦ ਇੱਕ ਮੰਤਰੀ ਨੂੰ ਕਿਉਂ ਬੁਲਾਇਆ ਗਿਆ । ਸਪੀਕਰ ਸਾਹਿਬ, ਬਹਿਸ ਚਾਲੂ ਹੋਣ ਤੋਂ ਪਹਿਲਾਂ, ਮੇਰੇ ਬਹੁਤ ਹੀ ਮਾਨਯੋਗ ਸਾਥੀ ਬੈਠੇ ਹਨ, ਬਿਕਰਮ ਮਜੀਠੀਆ ਜੀ, ਮੈਂ ਕਿਹਾ ਸੀ ਕਿ ਮਜੀਠੀਆ ਸਾਹਿਬ ਨੂੰ ਬੁਲਾ ਲਓ । ਅਸੀਂ ਉਨ੍ਹਾਂ ਦੀ ਸ਼ਾਨ ਵਿੱਚ ਕੋਈ ਗੁਸਤਾਖੀ ਵਾਲੀ ਗੱਲ ਨਹੀਂ ਕਰਨੀ । ਅਸੀਂ ਤਾਂ ਗੱਲ ਖੁੱਲ੍ਹ ਕੇ ਕਰਨੀ ਹੈ ਤਾਂ ਕਿ ਉਹ ਇੱਥੇ ਬੈਠੇ ਹੋਣ ਤੇ it is much better. ਸਪੀਕਰ

ਸਾਹਿਬ, ਪਹਿਲਾਂ ਰਣੀਕੇ ਸਾਹਿਬ ਨੇ ਅਸਤੀਫਾ ਦਿੱਤਾ । ਫਿਰ ਫਿਲੌਰ ਸਾਹਿਬ ਨੇ ਅਸਤੀਫਾ ਦਿੱਤਾ, 21 ਮਈ ਨੂੰ ਅਸਤੀਫਾ ਦਿੱਤਾ । ਉਸ ਅਸਤੀਫੇ ਦੀ ਮੈਂ ਡੇਟ ਵੀ ਕੱਢੀ ਫਿਰਦਾ ਹਾਂ। ਉਸ ਦਿਨ ਤਾਈਂ ਉਨ੍ਹਾਂ ਦੇ ਬੇਟੇ ਦਾ ਸਿਰਫ ਨਾਮ ਆਇਆ ਸੀ, He was not even summoned. ਇਨ੍ਹਾਂ ਤੋਂ ਅਸਤੀਫਾ ਲੈ ਲਿਆ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਮੌਰਲ ਗਰਾਊਂਡ ਤੇ ਆਪਣੇ ਆਪ ਅਸਤੀਫਾ ਦੇ ਦਿੱਤਾ। ਸਪੀਕਰ ਸਾਹਿਬ, ਆਪਾਂ ਇਥੇ ਸਾਰੇ ਰਾਜਨੀਤਿਕ ਸੂਝ-ਬੂਝ ਵਾਲੇ ਬੰਦੇ ਬੈਠੇ ਹਾਂ। ਆਪਾਂ ਇਹ ਨਹੀਂ ਸਮਝਦੇ ਕਿ ਇਕੱਲੀ ਮੋਰੈਲਟੀ ਦਾ ਬੋਝ ਸਾਡੇ ਇਨ੍ਹਾਂ ਭਰਾਵਾਂ ਤੇ ਪੈ ਗਿਆ। ਸਪੀਕਰ ਸਾਹਿਬ, ਸਾਰੀ ਉਮਰ ਅਸੀਂ ਦਲਿਤ ਭਰਾਵਾਂ ਨੇ ਸਮਾਜ ਦੀ ਗੰਦਗੀ ਸਿਰਾਂ ਤੇ ਢੋਈ ਹੈ। ਅੱਜ ਹੁਣ ਸਾਡੇ ਮੋਢੇ ਇੰਨੇ ਤਕੜੇ ਹੋ ਗਏ ਕਿ ਮੋਰੈਲਟੀ ਦਾ ਬੋਝ ਵੀ ਅਸੀਂ ਢੋਈਏ ਅਤੇ ਤੁਹਾਨੂੰ ਖੁੱਲ੍ਹੀ ਛੂਟ ਹੈ। (ਵਿਰੋਧੀ ਧਿਰ ਵੱਲੋਂ ਥੰਪਿੰਗ) Who is going to answer for that ? ਸਾਡੀ ਮੌਰੇਲਿਟੀ ਕਿੱਧਰ ਗਈ। I think I am his elder brother. As his elder brother ਮੈਂ ਕਿਹਾ ਮਜੀਠੀਆ ਸਾਹਿਬ, ਤੁਹਾਡਾ ਪਿਛੋਕੜ, and I was very worried ਕਿ ਕਿਤੇ ਕੋਈ ਕਹਿ ਨਾ ਦੇਵੇ ਕਿ ਤੁਸੀਂ ਬੈਕਗਰਾਊਂਡ ਦੀ ਬੜੀ ਗੱਲ ਕਰਦੇ ਹੋ, everybody is saying ਪਰ ਜਿਸ ਦਿਨ ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਸੁਣਿਆ, ਉਨ੍ਹਾਂ ਨੇ ਲੋਕ ਸਭਾ ਦੇ ਅੰਦਰ ਕਿਹਾ ਕਿ ਸਾਡੇ ਮੰਤਰੀ ਨੂੰ ਮੁਆਫੀ ਦੇ ਦਿਓ। ਗਾਲ੍ਹਾਂ ਕੱਢਦੀ ਹੈ, ਕੋਈ ਫਰਕ ਨਹੀਂ ਪੈਂਦਾ, ਇਹ ਪੇਂਡੂ ਪਿਛੋਕੜ ਦੀ ਹੈ। ਉਸ ਦੀ ਮੁਆਫੀ ਤਾਂ ਮੰਗੀ ਨਹੀਂ, ਇਸ ਦਾ ਮਤਲਬ ਹੈ ਜਿਹੜੇ ਉੱਚੇ ਪਰਿਵਾਰਾਂ ਵਿੱਚੋਂ ਹਨ ਜਾਂ ਦੂਜਿਆਂ ਵਿੱਚੋਂ ਹਨ, ਉਨ੍ਹਾਂ ਨੂੰ ਖੜ੍ਹੇ ਹੋ ਕੇ ਕਹਿ ਦੇਣਗੇ ਕਿ ਇਨ੍ਹਾਂ ਨੂੰ ਤਾਂ ਮੋਰੈਲਟੀ ਹੈ ਹੀ ਨਹੀਂ। ਸਪੀਕਰ ਸਾਹਿਬ, I think he would have done service to his party. He would have done good service to himself. But he has been wrongly advised. He has been misled not to tender his resignation. This was my humble advice. Now it is too late. ਸਪੀਕਰ ਸਾਹਿਬ, ਮੈਂ ਕੱਲ੍ਹ ਆਪਣੇ ਸਾਥੀਆਂ ਨਾਲ ਗੱਲ ਕਰਦੇ ਹੋਏ ਕਿਹਾ ਸੀ ਕਿ ਹੁਣ ਮਜੀਠੀਆ ਸਾਹਿਬ ਵਾਲਾ ਤਾਂ ਕੋਈ ਮਸਲਾ ਹੀ ਨਹੀਂ। ਉਹ ਤਾਂ ਹੋ ਗਿਆ ਕੰਮ। This is a done deal. This is not even an issue of Majithia Sahib. Speaker Sahib, I am standing here and looking at the happenings. ਜਿਹੜਾ ਦ੍ਰਿਸ਼ਟਾਂਤ ਸਾਹਮਣੇ ਅਨਫੋਲਡ ਹੋ ਰਿਹਾ ਹੈ,

[ਸ਼੍ਰੀ ਸੁਨੀਲ ਜਾਖੜ]

I get a feeling, ਇਹ ਸਾਰਾ ਕੁਝ ਦੇਖਿਆ ਹੈ, ਜਿਸ ਤਰ੍ਹਾਂ ਰੀਪਲੇਅ ਹੋ ਰਿਹਾ ਹੋਵੇ। ਜਿਸ ਤਰ੍ਹਾਂ ਫਿਲਮ ਦੇਖੋ ਤਾਂ ਉਸ ਵਿੱਚ ਫਲੈਸ਼ਬੈਕ ਦੇ ਦਿੰਦੇ ਹਨ। ਅੱਜਕੱਲ੍ਹ ਇੱਕ ਨਵਾਂ ਟਰੈਂਡ ਚੱਲਿਆ ਹੈ। ਪਿਕਚਰਾਂ ਨੂੰ ਨਵੇਂ ਸਿਰੇ ਤੋਂ ਬਣਾ ਦਿੰਦੇ ਹਨ। ਦੇਵਦਾਸ ਨਵੀਂ ਪਿਕਚਰ ਬਣਾ ਦਿੱਤੀ, ਹੀਰੋ ਬਦਲ ਦਿੱਤੇ, ਕਿਰਦਾਰ ਉਹੀ ਹੈ, ਐਕਟਰ ਨਵੇਂ ਪਾ ਦਿੱਤੇ। ਸਪੀਕਰ ਸਾਹਿਬ, ਤੁਸੀਂ ਪੁੱਛੋਗੇ ਕਿ ਕਿਹੜੀ ਫਿਲਮ ਹੈ, ਜਿਸ ਵਿੱਚ ਇਹ ਕੰਮ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਸਾਲ-ਡੇਢ ਸਾਲ ਪਹਿਲਾਂ ਵੱਲ ਕਰਨਾ ਚਾਹੁੰਦਾ ਹਾਂ। ਇਹ ਸਾਰੇ ਦਾ ਸਾਰਾ ਸੀਨ was unfolded in Parliament. ਉਹੀ ਹਿੰਦੁਸਤਾਨ ਦੀ ਪਾਰਲੀਮੈਂਟ ਸੀ। ਸਰਕਾਰ ਵਿੱਚ ਅਸੀਂ ਬੈਠੇ ਸੀ। ਸਾਡੇ ਉਥੇ ਏ.ਰਾਜਾ ਸਾਹਿਬ ਸੀ। ਏ. ਰਾਜਾ ਸਾਹਿਬ, ਕਲਮਾਡੀ ਵੀ ਸੀ, I am sorry to say Sahib, history is repeating itself. ਨਾਰਮਲੀ ਜਿਹੜਾ ਸਾਈਕਲ ਆਫ ਚੇਂਜ ਹੁੰਦਾ ਹੈ, it is very long cycle. It takes a while. 50 ਸਾਲਾਂ, 100 ਸਾਲਾਂ ਬਾਅਦ ਇਤਿਹਾਸ ਦੁਹਰਾਉਂਦਾ ਹੈ। ਇਹ ਇਤਿਹਾਸ ਤਾਂ ਸਾਡੇ ਡੇਢ ਸਾਲ ਬਾਅਦ ਹੀ ਦੁਹਰਾਇਆ ਗਿਆ ਹੈ। ਆਪਾਂ ਇੰਨੇ ਅਵੇਸਲੇ ਹਾਂ ਕਿ ਅੱਖਾਂ ਤੇ ਖੋਪੇ ਪਾ ਕੇ ਬਹਿ ਗਏ। ਇਹ ਸਮਝ ਤਾਂ ਲਈਏ। ਸਪੀਕਰ ਸਾਹਿਬ, ਸਾਰੀਆਂ ਗੱਲਾਂ ਸਾਡੇ ਵਾਲੇ ਸਾਥੀਆਂ ਨੇ ਵੀ ਕਹੀਆਂ ਸੀ but I am sorry, this is a harsh truth and reality which we have to face. ਨਹੀਂ ਸਾਹਿਬ, ਰਾਜਾ ਸਾਹਿਬ ਨੇ ਕੋਈ ਗਲਤ ਨਹੀਂ ਕੀਤਾ। ਰਾਜਾ ਸਾਹਿਬ ਦਾ ਨਾਮ ਕੈਗ ਨੇ ਦਿੱਤਾ, ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਇੰਪਲੀਕੇਟਿਡ ਹੋ ਗਿਆ। ਸਾਰਾਂ ਕੁਝ ਹੋਇਆ। He went through the entire process to which our friend, Majithia Sahib is going today. ਸਾਰਾ ਕੁਝ ਹੀ ਹੋਇਆ। ਈਵੈਂਚਲੀ ਹੋਇਆ ਕੀ ਕਿ ਉਨ੍ਹਾਂ ਨੂੰ ਮਨਿਸਟਰੀ ਵਿਚੋਂ ਵੀ ਕੱਢਿਆ, ਉਨ੍ਹਾਂ ਤੇ ਕੇਸ ਵੀ ਹੋਇਆ। ਉਨ੍ਹਾਂ ਨੂੰ ਜੇਲ੍ਹ ਵੀ ਹੋਈ। I am not wishing for him. I am only saying that he has been charged with it and for his charging with this, I am sorry, Sir, I am taking this liberty. I know, unsolicited advice is never welcomed. But I am doing it again. Sir, I believe, he is a victim of three things in equal measure. One primarily, and I am going against my own

faith and my hope. I have expressed my hope and faith. I still may be hang onto it. Speaker Sahib, if three reasons can be given, one is for his doing or wrong-doing. Second, for the kind of company he has got and the third one, ਜਿਸ ਦੇ ਵਾਸਤੇ ਮੈਂ ਕਿਹਾ ਸੀ ਕਿ ਮੇਰੇ ਤੇ ਇਲਜ਼ਾਮ ਲੱਗੇ ਸੀ, he is a victim of his own growing popularity. ਜੇਕਰ ਉਹ ਕਿਤੇ ਨਾ ਹੁੰਦੀ ਤਾਂ ਹੋ ਸਕਦਾ ਹੈ ਕਿ ਕਿਤੇ ਨਾ ਕਿਤੇ ਖਹਿੜਾ ਛੁੱਟ ਜਾਂਦਾ but he has gone through this and I think, today, a stage has come where he has crossed all limits. There is no point of return and I think this is a done deal. He will have to go. ਸਪੀਕਰ ਸਾਹਿਬ, ਮੇਰਾ ਇੰਨਾ ਹੀ ਕਹਿਣਾ ਹੈ ਕਿ ਆਪਾਂ ਝਾਤੀ ਮਾਰ ਕੇ ਵੇਖੀਏ। ਇਕ ਕਹਾਵਤ ਹੈ ਕਿ ਜਿਵੇਂ ਕਹਿੰਦੇ ਹਨ ਛਿੱਤਰ ਵੀ ਖਾ ਲਏ ਤੇ ਗੰਢੇ ਵੀ ਖਾ ਲਏ। ਸਾਰਾ ਕੁਝ ਹੀ ਹੋਵੇਗਾ, ਬਦਨਾਮੀ ਵੀ ਹੋਵੇਗੀ ਤੇ ਅਸਤੀਫਾ ਤੇ ਸਰਕਾਰ ਨੂੰ ਵੀ ਇਸ ਦਾ ਭੁਗਤਣਾ ਪਵੇਗਾ। This is something which is happening right now and it is happening under the stewardship of such an able person. Sir, I am on record time and again ਤੁਸੀਂ ਕਿਹਾ ਕਿ ਮੈਂ ਧੰਨਵਾਦ ਨਹੀਂ ਕੀਤਾ I hold the Hon'ble Chief Minister in highest regard, in highest esteem. ਮੈਂ ਇਨ੍ਹਾਂ ਨੂੰ ਆਪਣਾ ਗੁਰੂ ਮੰਨਦਾ ਹਾਂ, ਰਾਜਨੀਤਕ ਗੁਰੂ ਮੰਨਦਾ ਹਾਂ। ਦਰੋਣਾਚਾਰੀਆ ਵਾਂਗ ਮਗਰ ਬੈਠ ਕੇ ਕਿਉਂਕਿ ਇਹ ਅਕਾਲੀ ਹਨ ਉਥੇ ਬੈਠ ਨਹੀਂ ਸਕਦੇ, ਇਥੇ ਬੈਠ ਕੇ ਮੈਂ ਇਨ੍ਹਾਂ ਦੀ ਇਕ ਇਕ ਚਾਲ ਵੇਖੀ ਹੈ। ਇਨ੍ਹਾਂ ਦੀ ਹਲੀਮੀ, ਇਨ੍ਹਾਂ ਦਾ ਕੰਮ ਕਰਨ ਦਾ ਤਰੀਕਾ , ਇਨ੍ਹਾਂ ਦੀ ਸੂਝਬੂਝ ਵੇਖੀ ਹੈ but I am sorry to say Speaker Sahib , ਇਤਿਹਾਸ ਸਾਹਮਣੇ ਅਨਫੋਲਡ ਹੋ ਰਿਹਾ ਹੈ। ਇਤਿਹਾਸ ਸਾਹਮਣੇ ਹੈ ਤੇ ਉਹੀ ਗਲਤੀਆਂ ਦੁਹਰਾਈਆਂ ਜਾ ਰਹੀਆਂ ਹਨ। ਸਿਆਣਾ ਬੰਦਾ ਉਹ ਹੈ ਜਿਹੜਾ ਦੂਜੇ ਦੀ ਗਲਤੀ ਤੋਂ ਸਿੱਖੇ ਕਿ ਇਹ ਮੈਂ ਠੋਕਰ ਖਾ ਰਿਹਾ ਹਾਂ ਤੇ ਇਹ ਹੋਣ ਨਾ ਦੇਵਾਂ। ਮੇਰਾ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਕੋ ਇਕ ਸਵਾਲ ਹੈ ਕਿ ਸਾਡੇ ਪ੍ਰਧਾਨ ਮੰਤਰੀ ਦੀਆਂ ਤਾਂ ਕੁਲੀਸ਼ਨ ਕੰਪਲਸ਼ਨਜ਼ ਹੋ ਸਕਦੀਆਂ ਹਨ, ਇਹ ਸਹੀ ਹੈ, ਤੁਹਾਡੀਆਂ ਕਾਹਦੀਆਂ ਕੁਲੀਸ਼ਨ ਕੰਪਲਸ਼ਨਜ਼ ਹਨ। What are your compulsions. There is no coalition, he is very much a part of your party, you are very

[ਸ਼੍ਰੀ ਸੁਨੀਲ ਜਾਖੜ]

much authorised to take corrective measures to save your party ਤੁਸੀਂ ਕਿਹਾ ਸੀ ਕਿ ਸਭ ਤੋਂ ਪ੍ਰਧਾਨ ਪਾਰਟੀ ਹੈ, ਬਾਕੀ ਸਾਰੇ ਰਿਸ਼ਤੇ ਇਕ ਪਾਸੇ ਹਨ, ਇਹ ਪਾਰਟੀ ਮੇਰੇ ਲਈ ਸਭ ਤੋਂ ਜ਼ਿਆਦਾ ਹੈ but why not? Because I believe these are not coalition compulsions, these are filial compulsions. These are family compulsions. ਜਿਸ ਕਰਕੇ ਜੋ ਕਰਨਾ ਵੀ ਚਾਹੁੰਦੇ ਹੋ ਤਾਂ ਉਹ ਨਹੀਂ ਕਰ ਰਹੇ । ਸਪੀਕਰ ਸਾਹਿਬ, but we insist it is high time that he should have acted and I believe ਅੱਜ ਵੀ ਆਉਣ ਤੋਂ ਪਹਿਲਾਂ ਮੇਰੇ ਦਿਲ ਵਿਚ ਆਇਆ ਸੀ ਕਿ ਕਿਤੇ ਨਾ ਕਿਤੇ ਅੱਜ ਵੀ ਮੌਕਾ ਹੈ, ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ। ਅੱਜ ਵੀ ਇਨ੍ਹਾਂ ਨੇ ਜਿਵੇਂ ਹਾਈ ਮੋਰਲ ਗਰਾਊਂਡ ਲੈਣ ਦੀ ਕੋਸ਼ਿਸ਼ ਕੀਤੀ ਸੀ ਤੇ ਇਹ ਲੈ ਕੇ ਕਹਿਣ ਕਿ ਮੈਂ ਤਾਂ ਇਹ ਛੱਡਿਆ। ਅੱਜ ਕਹਿ ਰਹੇ ਹਨ ਕਿ ਮੈਂ ਕੋਆਪਰੇਟ ਕਰਾਂਗਾ। He could have said that earlier also. ਛੇਤੀ ਹੋ ਜਾਂਦੀ । I wish that he should have come back with flying colours, ਹੁਣ ਸਪੀਕਰ ਸਾਹਿਬ, ਕੀ ਤਬਦੀਲ ਹੋਇਆ ਹੈ, ਇਸ ਮਸਲੇ ਦੀ ਨੌਬਤ ਆਈ ਕਿ ਸਾਰੀ ਸਰਕਾਰ ਅਸਤੀਫਾ ਦੇਵੇ । ਮੈਂ ਕਿਹਾ ਕਿ ਗੱਲ ਹੁਣ ਮਜੀਠੀਆ ਸਾਹਿਬ ਤੋਂ ਅੱਗੇ ਨਿਕਲ ਗਈ ਹੈ। ਹੁਣ ਤਾਂ ਸਰਕਾਰ ਦੀ ਆਉਣ ਦੀ ਨੌਬਤ ਖੜ੍ਹੀ ਹੈ because this belated morality awakening ਹਿਰਦਾ ਪਰਿਵਰਤਨ। ਜਿਹੜੀਆਂ ਆਵਾਜ਼ਾਂ ਨਿਕਲੀਆਂ ਜਿਹੜੀਆਂ ਕਿ ਮੈਂ ਪਰਸੋਂ ਸੁਣੀਆਂ, ਉਨ੍ਹਾਂ ਕਰਕੇ ਮੈਨੂੰ ਲੱਗਿਆ ਕਿ ਪੰਜਾਬ ਦਾ ਇਸ ਕੋਹੜ ਦੇ ਖਹਿੜੇ ਤੋਂ ਛੁਟਕਾਰੇ ਲੈਣ ਦਾ ਟਾਈਮ ਆ ਗਿਆ ਹੈ। ਹੁਣ ਸਮਾਂ ਆ ਗਿਆ ਹੈ, ਹੁਣ ਇੰਨਾ ਦੱਬੇ ਹੋਣ ਦੇ ਬਾਵਜੂਦ ਇਨ੍ਹਾਂ ਦੇ ਮਨ ਨੇ ਵੀ ਕਿਤੇ ਨਾ ਕਿਤੇ ਅੰਗੜਾਈ ਲਈ ਹੈ। ਸਪੀਕਰ ਸਾਹਿਬ, ਇਸ ਕਰਕੇ ਮੈਂ ਇਹ ਨੋ ਕਾਂਨਫੀਡੈਂਸ ਮੋਸ਼ਨ ਲੈ ਕੇ ਆਇਆ ਹਾਂ । ਮੈਂ ਚੰਨੀ ਸਾਹਿਬ ਨਾਲ ਵੀ ਸਹਿਮਤ ਹਾਂ, ਕੱਲ੍ਹ ਵੀ ਚੰਨੀ ਸਾਹਿਬ ਕਹਿ ਰਹੇ ਸਨ ਕਿ ਸਾਰੇ ਮੁੱਦੇ ਇਸ ਵਿੱਚ ਪਾਈਏ ਤਾਂ ਮੈਂ ਸਾਰੇ ਸਾਥੀਆਂ ਨਾਲ ਗੱਲ ਕੀਤੀ ਤੇ ਮੈਂ ਕਿਹਾ ਇਹ ਕੋਈ ਨਾ ਕੋਈ ਬਹਾਨਾ, ਚੋਰ ਦਰਵਾਜ਼ਾ ਭਾਲ ਲੈਣਗੇ । ਕਈਆਂ ਨੂੰ ਇਹ ਡਰ ਹੋਵੇਗਾ ਕਿ ਸਾਡੇ ਰੇਤ ਬੱਜਰੀ ਵਾਲੀ ਉਤੇ ਗੱਲ ਕਰੀ ਜਾਂਦੇ ਹਨ, ਸਾਡੇ ਇਹ ਨਾ ਹੋਵੇ, ਕਿਸੇ ਤੇ ਹੋਰ ਦਾਰੂ ਵਾਲੇ ਤੇ ਆ ਜਾਣਾ ਸੀ । ਇਸ ਕਰਕੇ ਮੈਂ ਕਿਹਾ ਕਿ let's keep it to this very

fact ਜਿਸ ਗੱਲ ਤੇ ਇਹ ਬੋਲੇ ਹਨ, ਇਨ੍ਹਾਂ ਦੀ ਸਟੇਟ ਦੇ ਪ੍ਰਧਾਨ ਬੋਲੇ ਹਨ, ਇਨ੍ਹਾਂ ਦੇ ਨੈਸ਼ਨਲ ਸੈਕਟਰੀ ਬੋਲੇ ਹਨ । ਖੁਦ ਮਨ ਕੀ ਬਾਤ ਵਿੱਚ ਇਹ ਗੱਲ ਹੋਈ ਹੈ so let us pursue only this limited agenda. We want and in fact we have offered that they can have all the credit for this. ਇਸ ਭਸਮਾਸੁਰ ਨੂੰ ਮਾਰਨ ਵਾਲਾ ਕ੍ਰੈਡਿਟ ਸਾਰਾ ਇਹ ਲੈ ਲੈਣ। (ਵਿਰੋਧੀ ਪਾਰਟੀ ਵੱਲੋਂ ਥੰਪਿੰਗ) ਆਪ ਦੇ ਸਿਰ ਤੇ ਹੱਥ ਰੱਖ ਕੇ ਕਰ ਲੈਂਦੇ, ਭਸਮ ਬਹੁਤ ਲੁਕੀ ਹੈ, ਕੰਮ ਹੋ ਜਾਂਦਾ ਪ੍ਰੰਤੂ ਮੈਂ ਕਿਹਾ ਹੈ ਕਿ ਚਲੋ ਇਹ ਲੈਣ ਅਸੀਂ ਇਨ੍ਹਾਂ ਦੇ ਮਗਰ ਖੜ੍ਹੇ ਹੋ ਕੇ ਤਾਲੀ ਵਜਾ ਦਿਆਂਗੇ। At least Punjab will get rid of this, but now they have backed out and I don't know why ਇਸ ਦੇ ਵਿੱਚ ਕਾਰਨ ਹੋ ਸਕਦੇ ਹਨ। (ਇਕ ਆਵਾਜ਼: ਪਾਰਟੀ ਪ੍ਰਧਾਨ ਦੀ ਗੱਲ ਹੈ।) ਮੈਂ ਪਾਰਟੀ ਪ੍ਰਧਾਨ ਦੀ ਗੱਲ ਕਰ ਰਿਹਾ ਹਾਂ। ਮੇਰੇ ਕੋਲ ਕਾਗਜ਼ ਹਨ, it was a wrong political decision on his part to ask for his resignation. They say it was a wrong political decision. Speaker Sahib, all the ethical decisions cannot be justified in politics. ਪਾਲਿਟਿਕਸ ਵਿਚ ਐਥਿਕਸ, ਕਲਯੁਗ ਵਿੱਚ ਅਜਿਹਾ ਸਮਾਂ ਆ ਗਿਆ ਹੈ ਕਿ ਐਥਿਕਸ ਇੱਕ ਪਾਸੇ, ਪਾਲਿਟਿਕਸ ਇੱਕ ਪਾਸੇ। May be morality-wise ਉਨ੍ਹਾਂ ਨੇ ਕੀਤਾ ਸੀ, ਸਾਡੇ ਮਾਨਯੋਗ ਮੈਂਬਰ ਸਾਹਿਬ ਹਨ, ਫਿਰੋਜ਼ਪੁਰ ਤੋਂ ਬੈਠੇ ਹਨ, ਉਨ੍ਹਾਂ ਦੇ ਹਲਕੇ ਨਾਲ ਸਬੰਧ ਰੱਖਦੇ ਹਨ। ਉਹ ਡੀ.ਐਸ.ਪੀ ਦੀ ਇਨਵੈਸਟੀਗੇਸ਼ਨ ਦੀ ਰਿਪੋਰਟ ਚੁੱਕੀ ਫਿਰਦੇ ਹਨ। ਜੋ ਇਲਜ਼ਾਮ ਮਜੀਠੀਆ ਸਾਹਿਬ ਤੇ ਲੱਗੇ ਹਨ, ਉਹ ਸਾਰੇ ਦੇ ਸਾਰੇ ਇਲਜ਼ਾਮ ਉਨ੍ਹਾਂ ਦੇ ਪੀ.ਏ. ਸਾਹਿਬ ਤੇ ਲੱਗੇ ਹਨ। DSP is on record saying that ਜਿਹੜਾ ਬੰਦਾ ਆਪਣੇ ਆਪ ਨੂੰ ਇਨ੍ਹਾਂ ਦਾ ਪੀ.ਏ. ਕਹਿੰਦਾ ਹੈ, he has links with that terrorist, ਜਿਹੜਾ ਜੇਲ੍ਹ ਤੋਂ ਛੁੱਟ ਕੇ ਆਇਆ ਹੈ। ਪੀ.ਏ. ਸਾਹਿਬ 80 ਗੱਡੀਆਂ ਦਾ ਕਾਫ਼ਲਾ ਲੈ ਕੇ ਗਏ। ਮੇਰੇ ਸਾਥੀ ਫੋਟੋਆਂ ਲਈ ਫਿਰਦੇ ਹਨ ਅਤੇ ਇਹ ਰਿਪੋਰਟ ਮੇਰੇ ਕੋਲ ਹੈ ਜੋ ਮੈਂ ਸਦਨ ਦੀ ਟੇਬਲ ਤੇ ਰੱਖ ਦੇਵਾਂਗਾ ।

Mr. Speaker : No, no.

Shri Sunil Jakhar : Sir, these are beyond any issues. This all is on record. ਉਨ੍ਹਾਂ ਨੇ ਕਿਤੇ ਕਿਹਾ ਹੋਣਾ ਹੈ ਕਿ ਤੁਹਾਨੂੰ ਵੀ ਇਸ ਵਿੱਚ ਲਪੇਟ ਲਵਾਂਗੇ। ਸਰ, ਮੈਂ ਵਾਰ ਵਾਰ ਕਹਿ ਰਿਹਾ ਹਾਂ ਕਿ it is not an issue

[ਸ਼੍ਰੀ ਸੁਨੀਲ ਜਾਖੜ]

of Kamal Sharma or Majithia Sahib, it is a much larger issue. ਇਨ੍ਹਾਂ ਨੇ ਕੱਲ੍ਹ ਸੋਚਿਆ ਕਿ ਗੋਂਗਲੂਆਂ ਤੋਂ ਜਿਵੇਂ ਮਿੱਟੀ ਝਾੜਦੇ ਹਨ, ਇਵੇਂ ਹੀ ਚੀਚੀ ਤੇ ਮਾੜਾ ਜਿਹਾ ਕੱਟ ਮਾਰ ਕੇ ਅਸੀਂ ਸ਼ਹੀਦ ਬਣ ਜਾਵਾਂਗੇ and we will ride the high horse of morality. ਦੇਖੋ ਮੈਂ ਕਿੰਨੀ ਹਿੰਮਤ ਕੀਤੀ ਹੈ ਕਿ ਅਸੀਂ ਮਜੀਠੀਆ ਸਾਹਿਬ ਦਾ ਅਸਤੀਫਾ ਮੰਗ ਲਿਆ ਹੈ। ਸਪੀਕਰ ਸਾਹਿਬ, ਅਸੀਂ ਰੂਰਲ ਪਿਛੋਕੜ ਤੋਂ ਆਉਂਦੇ ਹਾਂ ਅਤੇ ਸਾਡੇ ਜਿਹੜੀ ਇੰਡਸਟਰੀ ਲਗਦੀ ਹੈ it is basically food processing industry. ਇਸ ਇੰਡਸਟਰੀ ਵਿੱਚ ਪਹਿਲਾਂ ਇਕ ਟਰੋ ਹੁੰਦੀ ਹੈ ਜਿਹੜੀ ਕਿ ਮਿੱਟੀ ਦੀ ਕਲੀਨਿੰਗ ਵਾਸਤੇ ਹੁੰਦੀ ਹੈ। ਸਪੀਕਰ ਸਾਹਿਬ, ਇਹ ਸਦਨ ਦਾ ਜਿਹੜਾ ਹਾਲ ਹੈ ਇਹ ਕੋਈ ਮਿੱਟੀ ਝਾੜਨ ਵਾਲੀ ਜਗ੍ਹਾ ਨਹੀਂ ਹੈ। This is a pit of morality. ਇੱਥੇ ਖੜ੍ਹ ਕੇ ਆਪਣੀ ਗੱਲ ਤੇ ਪਹਿਰਾ ਦੇਣਾ ਪਵੇਗਾ। You cannot speak something here ਅਤੇ ਬਾਹਰ ਜਾ ਕੇ ਕੁਝ ਹੋਰ ਕਹਿ ਦਿਓ। ਇੱਥੇ ਆ ਕੇ ਕੁਝ ਹੋਰ ਕਹਿ ਦਿਓ। ਬੀ.ਜੇ.ਪੀ. ਨੂੰ ਗੱਲ ਕਰਨ ਵਾਸਤੇ ਨਿਤਰਨਾ ਪਵੇਗਾ ਕਿ where do you stand and what is your stand against drugs. (Thumping by Opposition benches) ਕੀ ਕਹਿਣਾ ਚਾਹੁੰਦੇ ਹੋ ਅਤੇ ਕਿੱਥੇ ਖੜ੍ਹੇ ਹੋ? ਅੰਗਰੇਜ਼ੀ ਵਿੱਚ ਇਕ ਕਹਾਵਤ ਹੈ, ਫੇਰ ਇਹ ਕਹਿ ਦੇਣਗੇ ਕਿ ਅਨਪਾਰਲੀਮੈਂਟਰੀ ਹੈ ਪਰ I don't say in their context, ਲੋਕਾਂ ਦੇ ਦਿਮਾਗ ਵਿੱਚ ਇਹ ਹੈ, ਅੰਗਰੇਜ਼ ਜਿਵੇਂ ਕਹਿੰਦੇ ਹਨ either you put up or you shut up ਜਾਂ ਤਾਂ ਬੋਲਣਾ ਬੰਦ ਕਰੋ or either you put your money where your mouth is. Put your word where your mouth is. ਜਦੋਂ ਇਨ੍ਹਾਂ ਨੇ ਕਹਿ ਦਿੱਤਾ ਕਿ ਅਸੀਂ ਇਸ ਸਰਕਾਰ ਦੇ ਖਿਲਾਫ਼ ਹਾਂ, ਫੇਰ ਜੋ ਪਰਚੇ ਕੱਢੇ ਹਨ ਅਤੇ ਵਾਰ ਵਾਰ ਬਿਆਨ ਆ ਰਹੇ ਹਨ ਕਿ ਅਸੀਂ ਇਸ ਗੱਲ ਕਰਕੇ ਅਜਿਹਾ ਨਹੀਂ ਕਰ ਸਕਦੇ । ਸਪੀਕਰ ਸਾਹਿਬ, ਮੈਂ ਆਪਣੀ ਕੱਲ੍ਹ ਦੀ ਗੱਲ ਨੂੰ ਦੁਹਰਾ ਰਿਹਾ ਹਾਂ the very timing of these so called summons, ਮੈਂ ਇਸ ਨੂੰ ਸਮਨਿੰਗ ਨਹੀਂ ਕਹਿੰਦਾ। ਇਨ੍ਹਾਂ ਦਾ ਸੁਨੇਹਾ ਮਨ ਕੀ ਬਾਤ ਵਿੱਚ ਆਇਆ। ਪ੍ਰਧਾਨ ਮੰਤਰੀ ਬੜੇ ਸਿਆਣੇ ਹਨ, ਉਹ ਇਵੇਂ ਹੀ ਪ੍ਰਧਾਨ ਮੰਤਰੀ ਨਹੀਂ ਬਣ ਗਏ। ਉਨ੍ਹਾਂ ਨੇ ਬਾਦਲ ਸਾਹਿਬ ਤੱਕ, ਅਕਾਲੀਆਂ ਤੱਕ ਸੁਨੇਹਾ ਭੇਜਿਆ ਹੈ ਕਿ ਇਹ ਦੇਖੋ, ਤੁਹਾਡੇ ਖਿਲਾਫ਼ ਇਨਕੁਆਇਰੀ ਆਈ ਹੈ। But the very timing of this summoning has opened up these investigations to a lot of

suspicions. The timing is fraught with, I think keeping the people in mind, it raises a great suspicion ਕਿ ਹੋ ਕੀ ਰਿਹਾ ਹੈ? Is it a deal being struck. ਇਹ ਜਿਹੜੇ ਕਹਿ ਰਹੇ ਸੀ ਕਿ ਅਵਿਨਾਸ਼ ਚੰਦਰ ਜੀ ਅਸਤੀਫਾ ਦੇਣ, ਫਲਾਣੇ ਵੀ ਦੇਣ। ਹੁਣ ਤਾਂ ਸੰਮਨ ਵੀ ਆ ਗਿਆ ਹੈ। ਗੱਲ ਨਿਬੜ ਗਈ ਹੈ but why have they backtracked because there is a negotiation going on. ਜਦੋਂ ਮੈਂ ਮੋਸ਼ਨ ਮੂਵ ਕਰਨ ਲੱਗਿਆ, ਮੇਰੇ ਕਈ ਸਾਥੀਆਂ ਨੇ ਕਿਹਾ ਕਿ ਸੁਨੀਲ ਕੀ ਕਰ ਰਹੇ ਹੋ? ਜੇ ਕਿਤੇ ਇਨ੍ਹਾਂ ਵਿੱਚ ਸਦਬੁੱਧੀ ਆ ਗਈ, ਜੋਸ਼ੀ ਸਾਹਿਬ, ਇੱਥੇ ਤੁਸੀਂ ਹੋਰ ਗੱਲ ਕਰਦੇ ਹੋ ਅਤੇ ਮੇਰੇ ਨਾਲ ਕੁਝ ਹੋਰ ਗੱਲ ਕਰਦੇ ਹੋ। ਤੁਸੀਂ ਖੁੱਲ੍ਹ ਕੇ ਦੱਸਿਆ ਕਰੋ। ਮੇਰੇ ਸਾਥੀਆਂ ਨੇ ਕਿਹਾ, ਜਾਖੜ ਸਾਹਿਬ, ਜੇ ਕਿਤੇ ਇਨ੍ਹਾਂ ਨੂੰ ਸਦਬੁੱਧੀ ਆ ਗਈ ਅਤੇ ਉਨ੍ਹਾਂ ਨੇ ਅਜਿਹਾ ਕਰ ਦਿੱਤਾ, ਫੇਰ ਦੇਖਿਓ ਇਹ ਹੀਰੋ ਬਣ ਜਾਣਗੇ। ਇਨ੍ਹਾਂ ਦੇ ਪੁਰਾਣੇ ਗੁਨਾਹ ਸਾਰੇ ਮਾਫ਼ ਹੋ ਜਾਣਗੇ। ਪੰਜਾਬ ਦੇ ਲੋਕ ਭਾਵੁਕ ਹਨ ਅਤੇ ਕਹਿ ਦੇਣਗੇ ਕਿ ਖਹਿੜਾ ਛੁਡਾਇਆ। ਪਰ ਸਪੀਕਰ ਸਾਹਿਬ, ਜਿਹੜੇ ਮੇਰੇ ਸਾਥੀ ਸਾਮ੍ਹਣੇ ਬੈਠੇ ਹਨ ਮੇਰੇ ਕੋਲ ਇਨ੍ਹਾਂ ਜਿੰਨਾ ਤਜਰਬਾ ਨਹੀਂ ਹੈ ਪਰ ਮੈਂ ਉਸ ਇਲਾਕੇ ਵਿਚੋਂ ਆਉਂਦਾ ਹਾਂ ਜਿਹੜਾ ਕਿ ਦੂਜੇ ਨੰਬਰ ਤੇ ਗੜ੍ਹ ਮੰਨਿਆ ਜਾਂਦਾ ਸੀ। ਪਹਿਲਾ ਬੀ.ਜੇ.ਪੀ. ਦਾ ਗੜ੍ਹ ਅੰਮ੍ਰਿਤਸਰ ਸ਼ਹਿਰ ਸੀ ਜਿਹੜਾ ਅਕਾਲੀਆਂ ਨੇ ਮੇਰੇ ਸ਼ੇਰ ਨੂੰ ਪੁੱਟ ਦਿੱਤਾ। ਹੁਣ ਉਹ ਜਾ ਕੇ ਜੰਮੂ ਤੋਂ ਲੈ ਕੇ ਇੱਥੇ ਤੱਕ ਬੋਲਦਾ ਫਿਰ ਰਿਹਾ ਹੈ। ਤੁਸੀਂ ਉਸ ਨੂੰ ਪੁੱਟ ਦਿੱਤਾ। ਮੇਰਾ ਇਨ੍ਹਾਂ ਨਾਲ ਰੋਜ਼ ਵਾਹ ਪੈਂਦਾ ਹੈ ਅਤੇ ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਹੌਂਸਲਾ ਰੱਖੋ। ਮੈਂ ਇਨ੍ਹਾਂ ਦੀ ** ** ਜਾਣਦਾ ਹਾਂ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) I know where they stand. ਇਹ ਕਿਤੇ ਨਹੀਂ ਜਾਂਦੇ। ਇਨ੍ਹਾਂ ਨੂੰ ਸੁਆਦ ਪੈ ਗਿਆ ਹੈ। ਤੁਸੀਂ ਡਿਪਟੀ ਚੀਫ ਮਨਿਸਟਰ ਦੀ ਗੱਲ ਕਰਦੇ ਹੋ, I think he is much better a negotiator.

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਸਪੀਕਰ ਸਾਹਿਬ, ਇਹ ** ਸ਼ਬਦ ਐਕਸਪੰਜ ਕਰਵਾ ਦਿਉ ਜੀ।

ਮਾਨਯੋਗ ਸਪੀਕਰ : ਸ਼ਰਮਾ ਜੀ, ਉਹ ਐਕਸਪੰਜ ਹੋ ਗਿਆ ਹੈ।

Shri Sunil Jakhar : I withdraw the same. (Noises) ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸੋਚ ਜਾਣਦਾ ਹਾਂ। (ਵਿਘਨ) (ਸ਼ੋਰ)

** Expunged as ordered by the Chair.

ਮਾਨਯੋਗ ਸਪੀਕਰ : ਸ਼ਰਮਾ ਜੀ, ਉਹ ਐਕਸਪੰਜ ਕਰ ਦਿੱਤਾ ਗਿਆ ਹੈ। ਮੈਂ ਨਾਲ ਦੀ ਨਾਲ ਹੀ ਐਕਸਪੰਜ ਕਰਵਾ ਦਿੰਦਾ ਹਾਂ।

Shri Sunil Jakhar : I apologise for that and I withdraw the comments. It should be substituted with SOCH word. (Interruption) ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਦੀ ਸੋਚ ਦਾ ਪਤਾ ਹੈ।

ਮਾਨਯੋਗ ਸਪੀਕਰ : 30 ਮਿੰਟ ਹੋ ਗਏ ਹਨ ਜੀ।

ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ ਤੇ ਮ) (ਸਰਦਾਰ ਹਰਮੀਤ ਸਿੰਘ ਸੰਧੂ) : ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਵੋ ਜੀ। ਜਾਖੜ ਸਾਹਿਬ ਨੇ ਬੜੇ ਤਰੀਕੇ ਨਾਲ ਇੱਥੇ ਗੱਲ ਕਹੀ ਹੈ (ਵਿਘਨ) ਮੇਰੀ ਗੱਲ ਸੁਣ ਲਵੋ ਜੀ। ਸਪੀਕਰ ਸਾਹਿਬ, ਮੈਂ ਇੱਥੇ ਬਹੁਤ ਘੱਟ ਬੋਲਿਆ ਹਾਂ ਪਰ ਦੁੱਖ ਅੱਜ ਇਸ ਗੱਲ ਦਾ ਹੈ ਕਿ ਜਿਹੜੇ ਬੰਨੇ ਨੂੰ ਅੱਜ ਇਹ ਗੱਲ ਜਾ ਰਹੀ ਹੈ, ਜਿਹੜੀ ਆਪੋਜ਼ੀਸ਼ਨ ਹੈ, ਜਿਹੜੀ ਗੱਲ ਬਾਰੇ ਮੈਂ ਸਮਝਦਾ ਹਾਂ ਕਿ ਅੱਜ ਸਾਰਿਆਂ ਨੂੰ ਇਸ ਗੱਲ ਬਾਰੇ ਸੋਚਣਾ ਪਵੇਗਾ। ਆਪਾਂ ਇਸ ਗੱਲ ਤੇ ਰੋਟੀਆਂ ਸੇਕਣ ਲੱਗ ਪਏ ਹਾਂ। ਇਹ ਜਿਹੜੀ ਅੱਗ ਹੈ.... (ਵਿਘਨ)(ਸ਼ੋਰ)

(**ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕੁਝ ਅਵਾਜ਼ਾਂ :** ਜਾਖੜ ਸਾਹਿਬ, ਇਹ ਤੁਹਾਡਾ ਸਮਾਂ ਹੈ ਪਰ ਇਹ ਤੁਹਾਡਾ ਟਾਈਮ ਖਰਾਬ ਕਰ ਰਹੇ ਹਨ।)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਹੁਣ ਮੇਰਾ ਟਾਈਮ ਹੈ। ਮੈਨੂੰ ਆਪਣੇ ਟਾਈਮ ਵਿੱਚ ਆਪਣੀ ਗੱਲ ਕਹਿ ਲੈਣ ਦਿਉ। (ਵਿਘਨ) (ਸ਼ੋਰ) Sir, Point of Order. ਮੇਰਾ ਟਾਈਮ ਹੈ। (ਵਿਘਨ)(ਸ਼ੋਰ)

ਮੁੱਖ ਸੰਸਦੀ ਸਕੱਤਰ, ਲੋਕ ਨਿਰਮਾਣ (ਭ ਤੇ ਮ) : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ.... (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਤੁਹਾਡਾ ਬਣਦਾ ਨਹੀਂ। ਤੁਸੀਂ ਬੈਠ ਜਾਉ। (ਵਿਘਨ) Please sit down.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਦੋਂ ਇਨ੍ਹਾਂ ਦਾ ਟਾਈਮ ਆਵੇਗਾ, ਇਹ ਉਦੋਂ ਬੋਲ ਲੈਣਗੇ।

Mr. Speaker : ਸਰਦਾਰ ਹਰਮੀਤ ਸਿੰਘ ਜੀ, ਤੁਸੀਂ ਬੈਠ ਜਾਉ।

ਜਦੋਂ ਪਾਰਟੀ ਦੇ ਬੋਲਣ ਦਾ ਮੌਕਾ ਆਵੇਗਾ, ਉਦੋਂ ਬੋਲ ਲੈਣਾ। Please sit down. (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ। ਸਦਨ ਵਿੱਚ ਬਹੁਤ ਸ਼ੋਰ ਸੀ ।)

Mr. Speaker : Whosoever speaks without my permission that should not be recorded. (Interruptions) No, no, please sit down. ਮੈਂ ਕਿਹਾ ਜੀ ਕਿ ਇਹ ਰਿਕਾਰਡ ਨਹੀਂ ਹੋ ਰਿਹਾ। ਬੈਠ ਜਾਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਮੈਨੂੰ ਇਨ੍ਹਾਂ ਦੀ ਸੋਚ ਦਾ ਪਤਾ ਸੀ ਕਿ ਜਾਂ ਤਾਂ ਡਿਪਟੀ ਚੀਫ ਮਨਿਸਟਰ ਹੀ ਮੇਰੇ ਤੋਂ ਜ਼ਿਆਦਾ ਬੈਟਰ ਨੈਗੋਸ਼ੀਏਟਰ ਹਨ.... (ਵਿਘਨ) ਬਾਦਲ ਸਾਹਿਬ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਨੇ ਰੇਤ ਦੇ ਠੇਕੇ ਵਿੱਚ ਕਿਤੇ ਨਾ ਕਿਤੇ ਐਡਜਸਟ ਕਰ ਦੇਣੇ ਹਨ, (ਵਿਘਨ) ਚਾਰ ਮੰਤਰੀ ਦੇ ਰੱਖੇ ਹਨ। (ਥੰਪਿੰਗ) ਮੈਂ ਅਜੇ ਘਰੇ ਪਹੁੰਚਿਆ ਹੀ ਸੀ, ਪਹਿਲਾਂ ਹੀ ਬਿਆਨ ਆਉਣ ਲੱਗ ਪਏ, ਮਾਨਯੋਗ ਪਾਰਲੀਮੈਂਟਰੀ ਮਨਿਸਟਰ ਸਾਹਿਬ ਦੇ, ਹੁਣ ਤਾਂ ਨਹੀਂ ਬੋਲ ਰਹੇ ਇੱਥੇ। ਟੀ.ਵੀ. ਤੇ ਤਾਂ ਬੜੇ ਬੋਲ ਰਹੇ ਸੀ ਕਿ ਉਹ ਕੌਣ ਹਨ। (ਵਿਘਨ) ਉਹ ਕਹਿਣ ਲੱਗੇ ਕਿ ਇਨਡਵੀਜ਼ੂਅਲ ਬਿਆਨ ਹੋਣਗੇ, ਸਾਡੀ ਪਾਰਟੀ ਤਾਂ ਇਨ੍ਹਾਂ ਨਾਲ ਖੜ੍ਹੀ ਹੈ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਮੈਂ ਭਗਤ ਚੂਨੀ ਲਾਲ ਜੀ ਦੀ ਗੱਲ ਨਹੀਂ ਕਰਦਾ ਕਿਉਂਕਿ ਸਾਰਾ ਮਹਿਕਮਾ ਇਨ੍ਹਾਂ ਨੂੰ ਸੰਭਾਲ ਰੱਖਿਆ ਹੈ, he is the de-facto. ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਅਸੀਂ ਮੋਸ਼ਨ ਲੈ ਕੇ ਆਏ ਹਾਂ, ਇਸ ਵਿੱਚ ਕਿਹੜੇ ਪਾਰਟ ਨਾਲ ਤੁਹਾਡੀ ਸਹਿਮਤੀ ਨਹੀਂ ਹੈ? Which part? ਕਿਹੜੇ ਪਾਰਟ ਦੇ ਨਾਲ ਤੁਹਾਡੀ ਸਹਿਮਤੀ ਨਹੀਂ ਹੈ? ਸਪੀਕਰ ਸਾਹਿਬ, ਇਸ ਮੋਸ਼ਨ ਦੇ ਕਿਹੜੇ ਪਾਰਟ ਦੇ ਕਿਹੜੇ sentence ਨਾਲ ਇਨ੍ਹਾਂ ਦੀ ਸਹਿਮਤੀ ਨਹੀਂ ਹੈ। ਅਸੀਂ ਤਾਂ ਸਾਰਾ ਕੁਝ ਹੀ ਛਾਂਗ ਦਿੱਤਾ। ਆਪਣੇ ਮੈਂਬਰਜ਼ ਵੀ ਨਰਾਜ਼ ਕਰ ਲਏ, ਤੁਸੀਂ ਰਾਜ਼ੀ ਰਹੋ ਪਰ ਸਪੀਕਰ ਸਾਹਿਬ, ਇਹ ਤਾਂ ਬਿਲਕੁਲ ਹੀ ਇੱਥੇ ਆ ਕੇ ਖੜ੍ਹ ਗਏ, ਕੋਈ ਗੱਲ ਨਹੀਂ ਹੈ, ਕੋਈ ਬਾਤ ਨਹੀਂ। Speaker Sahib, I think this is a betrayal of the faith of the people

[ਸ਼੍ਰੀ ਸੁਨੀਲ ਜਾਖੜ]

of Punjab. It's a betrayal on the scale which cannot be imagined. ਪੰਜਾਬ ਦੇ ਲੋਕਾਂ ਨਾਲ ਅਤੇ ਜਿਵੇਂ I think Shakespeare has written, unkindest cut of all and more importantly, Sir, B.J.P. has betrayed the faith of the youth of this country and of Punjab specially (Voices of shame, shame by the Opposition Members present in the house). ਯੂਥ ਦੇ ਨਾਲ ਦੇਖ ਕੇ ਭੱਜੇ ਹਨ and I think that should be looked into. ਇਨ੍ਹਾਂ ਨੂੰ ਇਸ ਗੱਲ ਦਾ ਜਵਾਬ ਲੋਕਾਂ ਨੂੰ ਦੇਣਾ ਪਵੇਗਾ। Speaker Sahib, before I end my speech, (interruption) ਮੈਂ ਆਖਰੀ ਗੱਲ ਕਹਿਣੀ ਚਾਹਵਾਂਗਾ। (ਵਿਘਨ)(ਸ਼ੋਰ) ਮੈਂ ਜਵਾਬ ਮੰਗ ਰਿਹਾ ਹਾਂ ਜੀ। (ਵਿਘਨ)(ਸ਼ੋਰ)

Mr.Speaker : Please sit down. Please don't waste the time.

Shri Sunil Jakhar : ਸਪੀਕਰ ਸਾਹਿਬ, ਮੈਂ ਬਹੁਤ ਹੀ ਹਲੀਮੀ ਦੇ ਨਾਲ, ਕਿਉਂਕਿ There is a lot of things going on, ਜਿਹੜੀ ਗੱਲ ਤੇ ਅਸੀਂ ਖੜ੍ਹੇ ਹਾਂ ਕਿ ਅਸਤੀਫਾ ਦੇ ਕੇ ਇਨਕੁਆਇਰੀ ਕਰਵਾ ਲਵੋ, ਸੀ.ਬੀ.ਆਈ ਦੀ ਕਰਵਾ ਲਵੋ, ਪਰ It should be supervised by a sitting judge ਕਿਉਂਕਿ ਮੈਂ ਸਮਝਦਾ ਹਾਂ ਕਿ If he is properly guided he would also agree with me because there is espionage, there is counter espionage because ਬੀ.ਜੇ.ਪੀ. ਵਾਲੇ ਆ ਕੇ ਡਿਪਟੀ ਚੀਫ ਮਨਿਸਟਰੀ ਮੰਗਣਗੇ। ਇਹ ਸੋਚ ਰਹੇ ਹਨ ਕਿ ਇਕ ਡਿਪਟੀ ਚੀਫ ਮਨਿਸਟਰੀ ਦੇ ਕੇ ਖਹਿੜਾ ਛੁੱਟ ਜਾਵੇਗਾ ਪਰ ਮੇਰੇ ਕਹਿਣ ਦਾ ਭਾਵ ਹੈ ਕਿ ਜਦੋਂ ਮੈਂ ਕਿਹਾ ਸੀ it's a done deal. ਪਾਰਟੀ ਨੂੰ ਜੋ ਡੈਮੇਜ ਹੋਣਾ ਸੀ, ਉਹ ਹੋ ਗਿਆ ਹੈ। ਅਜਿਹੇ ਲੋਕ ਹਨ ਜਿਨ੍ਹਾਂ ਨੇ ਭੋਲੇ ਨੂੰ ਬੁਲਵਾ ਕੇ ਬਿਆਨ ਦਿਵਾਏ ਸੀ । They are still active. ਹੁਣ ਤਾਂ ਮੁੰਨੀ ਡਿਗੀ ਪਈ ਹੈ, ਕੰਨ ਬੰਨਾ ਲਓ ਤੇ ਖਹਿੜਾ ਛੁਡਵਾ ਲਓ। ਰਸਤਾ ਹੀ ਸਾਫ ਕਰ ਲਓ ਕਿਉਂਕਿ ਤੁਹਾਡੇ ਨਾਲ ਵੀ ਮਨਪ੍ਰੀਤ ਬਾਦਲ ਵਾਲੀ ਗੱਲ ਨਾ ਹੋ ਜਾਵੇ। ਇਹ ਤੁਹਾਡੀ ਪਾਪੁਲੈਰਟੀ ਤੁਹਾਡੇ ਕਿਤੇ ਆੜੇ ਨਾ ਆ ਜਾਵੇ। Be very careful for your own sake and I believe and still stand by this that if you are clear in your conscience, ਕਿਤੇ ਸੌਦਾ ਨਾ ਹੋ ਜਾਵੇ। ਕਿਤੇ ਇਹ ਨਾ ਹੋ ਜਾਵੇ ਕਿ ਸਿਟਿੰਗ ਜੱਜ ਬਿਠਾ ਲਓ

ਤੇ ਹਿੰਦੁਸਤਾਨ ਦਾ ਦਿਲ ਟਿਕ ਜਾਵੇਗਾ, ਪੰਜਾਬ ਦਾ ਵੀ ਟਿਕ ਜਾਵੇਗਾ। ਸਾਡੇ ਲੋਕਾਂ ਦਾ ਵੀ ਦਿਲ ਟਿਕ ਜਾਵੇਗਾ। ਤੁਹਾਨੂੰ ਕਲੀਨ ਚਿੱਟ ਵੀ ਮਿਲ ਜਾਵੇਗੀ ਪਰ ਲੋਕਾਂ ਨੇ ਕਹਿ ਦੇਣਾ ਹੈ ਕਿ ਡਿਪਟੀ ਚੀਫ ਮਨਿਸਟਰੀ ਦੇ ਕੇ ਅਤੇ ਇਕ ਅੱਧਾ ਠੇਕਾ ਦੇ ਕੇ ਕਲੀਨ ਚਿੱਟ ਲੈ ਲਈ। It is for his sake and lastly ਸਪੀਕਰ ਸਾਹਿਬ, ਜਦੋਂ ਮੈਂ ਇਨ੍ਹਾਂ ਨੂੰ ਦਰੋਣਾਚਾਰੀਆ ਕਿਹਾ ਸੀ। ਮੈਂ ਕਹਿਣ ਨੂੰ ਤਾਂ ਭੀਸ਼ਮ ਪਿਤਾਮਾ ਵੀ ਕਹਿ ਸਕਦਾ ਸੀ ਕਿਉਂਕਿ ਭੀਸ਼ਮ ਪਿਤਾਮਾ is the towering figure of Mahabarat ਪਰ ਮੈਂ ਕਹਿ ਨਹੀਂ ਸਕਦਾ ਕਿਉਂਕਿ I wish him well and I wish him long life but I think in the fag end of his political career ਇਨ੍ਹਾਂ ਨੂੰ ਇਹ ਲੋਕ putting in the same position as Bhishain Pitama. ਤੁਸੀਂ ਪੰਜ ਸਾਲ ਮੁੱਖ ਮੰਤਰੀ ਰਹਿ ਕੇ ਆਪਣੀ ਕਰੈਡੀਬਿਲਟੀ ਬਣਾਈ ਹੈ ਪਰ ਇਹ ਲੋਕ ਤੁਹਾਨੂੰ ਅੱਜ ਸੂਲਾਂ ਦੀ ਸ਼ੱਈਆ ਉਤੇ ਪਾ ਰਹੇ ਹਨ। Please take a call of conscience. ਆਪਣੇ ਜ਼ਮੀਰ ਤੇ ਹੱਥ ਮਾਰ ਕੇ ਦੇਖੋ you know it very well ਤੁਹਾਡੀਆਂ ਮਜਬੂਰੀਆਂ ਵੀ ਲੋਕ ਸਮਝਦੇ ਹਨ। ਪੰਜਾਬ ਦੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਕਾਂਗਰਸ ਪਾਰਟੀ demands it and we beg that this chapter has to be concluded. Majithia sahib has to resign and independent inquiry headed by sitting judge should be done and these people, the collision partners have now always dragged it. ਧੰਨਵਾਦ, ਸਪੀਕਰ ਸਾਹਿਬ। (ਵਿਰੋਧੀ ਧਿਰ ਵਲੋਂ ਥੰਪਿੰਗ)

ਮਾਨਯੋਗ ਸਪੀਕਰ : ਧੰਨਵਾਦ, ਜਾਖੜ ਜੀ। ਵਲਟੋਹਾ ਸਾਹਿਬ, ਤੁਹਾਡੀ ਪਾਰਟੀ ਕੋਲ 59 ਮਿੰਟ ਹਨ, ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ। ਇਸ ਕਰਕੇ ਟਾਈਮ ਦਾ ਖਿਆਲ ਰੱਖੋ। ਜਾਖੜ ਸਾਹਿਬ, ਤੁਸੀਂ ਆਪਣੀ ਪਾਰਟੀ ਦੇ ਉਨ੍ਹਾਂ ਮੈਂਬਰਾਂ ਦੇ ਨਾਮ ਭੇਜ ਦਿਓ ਜਿਨ੍ਹਾਂ ਨੇ ਬੋਲਣਾ ਹੈ। ਤੁਹਾਡੇ 8 ਮਿੰਟ ਰਹਿੰਦੇ ਹਨ। ਹਾਂ ਜੀ, ਵਲਟੋਹਾ ਸਾਹਿਬ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਇਹ ਬੜਾ ਸੈਂਸੇਟਿਵ ਮਾਮਲਾ ਹੈ ਜਿਹੜਾ ਕਾਂਗਰਸ ਪਾਰਟੀ ਨੇ ਬੇਭਰੋਸਗੀ ਦਾ ਮਤਾ ਲਿਆਂਦਾ ਹੈ। ਜਦੋਂ ਵੀ ਵਿਧਾਨ ਸਭਾ ਦਾ ਸੈਸ਼ਨ ਆਉਂਦਾ ਹੈ ਤਾਂ ਉਸ ਤੋਂ ਪਹਿਲਾਂ ਹਮੇਸ਼ਾ ਹੀ ਕਾਂਗਰਸ ਪਾਰਟੀ ਵਲੋਂ ਅਜਿਹੇ ਦਮਗਜ਼ੇ ਮਾਰੇ ਜਾਂਦੇ ਹਨ ਪਰ ਅਖੀਰ ਤੇ ਜਦੋਂ ਸਾਡੇ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਰਿਪੋਰਟਰ ਵੀ ਸੈਸ਼ਨ ਤੋਂ ਬਾਅਦ ਰਿਪੋਰਟਿੰਗ ਕਰਦੇ ਹਨ ਤਾਂ ਇਹ ਲਿਖਦੇ ਹਨ ਕਿ ਇਸ ਵਾਰ ਵੀ ਪਿਛਲੇ ਸੈਸ਼ਨ ਵਾਂਗ ਕਾਂਗਰਸ ਨੂੰ ਮੂੰਹ ਦੀ ਖਾਣੀ ਪਈ ਹੈ। ਇਸ ਲਈ ਮੈਂ ਆਪਣੇ ਸਤਿਕਾਰਯੋਗ ਵੱਡੇ ਵੀਰ ਜਾਖੜ ਸਾਹਿਬ ਦੀ ਬਹੁਤ ਇੱਜ਼ਤ ਕਰਦਾ ਹਾਂ ਔਰ ਅਸੀਂ ਇਕੱਠਿਆਂ ਕੰਮ ਵੀ ਕੀਤਾ ਹੈ। ਮੈਂ ਇਨ੍ਹਾਂ ਦੇ ਸੁਭਾਅ ਨੂੰ, ਇਨ੍ਹਾਂ ਦੀ ਜ਼ਮੀਰ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਇੰਝ ਜਾਪਦਾ ਹੈ ਕਿ ਇਨ੍ਹਾਂ ਦੀ ਜ਼ਮੀਰ ਤੇ ਬਾਕੀ ਕਾਂਗਰਸੀ ਲੀਡਰਾਂ ਦਾ ਮੁਲੰਮਾ ਚੜ੍ਹਦਾ ਜਾ ਰਿਹਾ ਹੈ। ਜਿਸ ਤਰ੍ਹਾਂ ਬਾਕੀ ਕਰਦੇ ਹਨ, ਉਸੇ ਤਰ੍ਹਾਂ ਹੀ ਜਾਖੜ ਸਾਹਿਬ ਕਰਨ ਲੱਗ ਪਏ ਹਨ। ਇਸ ਗੱਲ ਦਾ ਮੈਨੂੰ ਬਹੁਤ ਦੁੱਖ ਹੈ, ਰੰਜ ਹੈ ਅਤੇ ਮੇਰੇ ਮਨ ਤੇ ਇਸ ਦਾ ਬਹੁਤ ਬੋਝ ਵੀ ਹੈ। ਸਪੀਕਰ ਸਾਹਿਬ, ਇਨ੍ਹਾਂ ਵੀਰਾਂ ਨੇ ਬੇਭਰੋਸਗੀ ਦਾ ਮਤਾ ਲਿਆਂਦਾ ਹੈ ਪਰ ਇਹ ਆਪਣਾ ਭਰੋਸਾ ਪੂਰਾ ਕਰ ਲੈਣ। ਨਾ ਤਾਂ ਹਿੰਦੁਸਤਾਨ ਦੇ ਲੋਕਾਂ ਨੂੰ ਇਨ੍ਹਾਂ ਤੇ ਭਰੋਸਾ ਹੈ ਅਤੇ ਨਾ ਪੰਜਾਬ ਦੇ ਲੋਕਾਂ ਨੂੰ ਭਰੋਸਾ ਹੈ। ਇਨ੍ਹਾਂ ਨੂੰ ਇਕ ਦੂਜੇ ਤੇ ਹੀ ਭਰੋਸਾ ਨਹੀਂ ਹੈ। ਅੱਜ ਦੀਆਂ ਅਖਬਾਰਾਂ ਪੜ੍ਹ ਲਓ। ਬਾਜਵਾ ਸਾਹਿਬ ਕੈਪਟਨ ਸਾਹਿਬ ਦੇ ਦੁਆਲੇ ਹੋਏ ਪਏ ਹਨ ਅਤੇ ਕੈਪਟਨ ਸਾਹਿਬ ਬਾਜਵਾ ਸਾਹਿਬ ਦੇ ਦੁਆਲੇ ਹੋਏ ਪਏ ਹਨ। ਸਪੀਕਰ ਸਾਹਿਬ, ਡਰੱਗ ਬੜੀ ਵੱਡੀ ਸਮੱਸਿਆ ਹੈ। ਇਹ ਇਕੱਲੇ ਪੰਜਾਬ ਅਤੇ ਹਿੰਦੂਸਤਾਨ ਦੀ ਹੀ ਨਹੀਂ ਬਲਕਿ ਸਮੁੱਚੀ ਦੁਨੀਆ ਦੀ ਸਮੱਸਿਆ ਬਣੀ ਹੋਈ ਹੈ। ਕਨੇਡਾ, ਅਮਰੀਕਾ ਵੱਖ ਵੱਖ ਦੇਸ਼ਾਂ ਦੇ ਡਰੱਗ ਮਾਫੀਏ ਬਾਰੇ ਅਸੀਂ ਪੜ੍ਹਦੇ ਹਾਂ ਪਰ ਪੰਜਾਬ ਬਦਨਾਮ ਕਿਉਂ ਹੋਇਆ ਹੈ। ਪੰਜਾਬ ਨੂੰ ਬਦਨਾਮ ਸਾਡੇ ਆਪਣੇ ਕਰ ਰਹੇ ਹਨ ਔਰ ਪੰਜਾਬ ਇਸ ਕਰਕੇ ਵੀ ਬਦਨਾਮ ਹੈ ਕਿਉਂਕਿ ਜਿਹੜੀ ਹੈਰੋਇਨ ਹੈ, ਸਮੈਕ ਹੈ ਉਹ ਤਾਂ ਹਿੰਦੁਸਤਾਨ ਵਿੱਚ ਬਣਦੀ ਨਹੀਂ ਹੈ, ਇਹ ਤਾਂ ਅਫਗਾਨਿਸਤਾਨ ਵਿੱਚ ਬਣਦੀ ਹੈ। ਇਸ ਵਿਧਾਨ ਸਭਾ ਵਿੱਚ ਅਸੀਂ ਬੜੀ ਵਾਰ ਇਸ ਦਾ ਜ਼ਿਕਰ ਕਰ ਚੁੱਕੇ ਹਾਂ ਔਰ ਮੈਨੂੰ ਯਾਦ ਹੈ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਨੇ ਹਾਮਦ ਕਰਜ਼ਈ ਜੀ ਨੂੰ ਵੀ ਕਿਹਾ ਸੀ ਕਿ ਤੁਹਾਡੀ ਹੈਰੋਇਨ ਸਾਡੇ ਹੀਰੋਆਂ ਨੂੰ ਖਰਾਬ ਕਰ ਰਹੀ ਹਾਂ ਔਰ ਉਹ ਪਾਕਿਸਤਾਨ ਹੁੰਦੀ ਹੋਈ ਪੰਜਾਬ ਵਿੱਚ ਦਾਖਲ ਹੁੰਦੀ ਹੈ । ਪੰਜਾਬ ਵਿੱਚ ਅਸੀਂ ਸਭ ਤੋਂ ਵੱਧ ਰਿਕਵਰੀ ਕੀਤੀ ਹੈ। ਜੇ ਰਿਕਵਰੀ ਕੀਤੀ ਹੈ ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਅਸੀਂ ਦੋਸ਼ੀ ਹੋ ਗਏ। ਸਪੀਕਰ ਸਾਹਿਬ, ਭੋਲੇ ਦਾ ਜ਼ਿਕਰ ਹੋਇਆ ਹੈ। ਵੈਸੇ ਜਾਂਦੇ ਜਾਂਦੇ ਮੇਰੇ ਵੱਡੇ ਵੀਰ ਸ਼੍ਰੀ ਜਾਖੜ ਸਾਹਿਬ ਇਸ ਗੱਲ ਦਾ ਵੀ ਜ਼ਿਕਰ ਕਰ ਗਏ ਕਿ ਭੋਲੇ ਕੋਲੋਂ ਕਿਸੇ ਨੇ ਬਿਆਨ ਦਿਵਾਇਆ ਸੀ। ਹੁਣ ਕਿਸੇ ਹੋਰ ਤੇ ਵੀ ਇਹ ਚੱਕਰੀ

ਘੁੰਮ ਸਕਦੀ ਹੈ। ਵੈਸੇ ਇਹ ਵੀ ਇਨਵੈਸਟੀਗੇਸ਼ਨ ਦਾ ਪਾਰਟ ਹੈ। ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਸ ਨੇ ਸ਼ਰਾਰਤ ਕੀਤੀ ਹੈ, ਸਾਨੂੰ ਤਾਂ ਪਤਾ ਹੈ ਪਰ ਇਹ ਸੱਚਾਈ ਲੋਕਾਂ ਦੇ ਸਾਹਮਣੇ ਵੀ ਆਉਣੀ ਚਾਹੀਦੀ ਹੈ। ਮੈਂ ਬਾਰ ਬਾਰ ਕਹਿੰਦਾ ਹਾਂ ਸਪੀਕਰ ਸਾਹਿਬ, ਭੋਲਾ ਭੋਲਾ ਨਹੀਂ ਹੈ, ਭੋਲਾ ਬਦਮਾਸ਼ ਹੈ, ਇਹ ਬਦਮਾਸ਼ ਪਾਲਿਆ ਕਿਸ ਨੇ ਹੈ, ਮੇਰੇ ਸਾਹਮਣੇ ਬੈਠੇ ਵੀਰਾਂ ਨੇ ਔਰ ਸਪੀਕਰ ਸਾਹਿਬ.... (ਵਿਘਨ) (ਸ਼ੋਰ)

ਸਰਦਾਰ ਬਲਬੀਰ ਸਿੰਘ ਸਿੱਧੂ : ** **

ਮਾਨਯੋਗ ਸਪੀਕਰ : ਨਹੀਂ ਜੀ, Please sit down. ਕੋਈ ਵੀ ਜਿਹੜਾ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਦਾ ਹੈ, ਉਹ ਰਿਕਾਰਡ ਨਹੀਂ ਕਰਨਾ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਭੋਲਾ ਲੰਮੇ ਸਮੇਂ ਤੋਂ ਸਮਗਲਿੰਗ ਕਰਦਾ ਸੀ ਤੇ ਜਦੋਂ ਕੈਪਟਨ ਸਾਹਿਬ ਦੀ ਸਰਕਾਰ ਸੀ, ਉਸ ਸਮੇਂ ਤਿੰਨ ਕੇਸ ਰਾਮਪੁਰਾ ਫੂਲ ਥਾਣੇ ਦੇ ਵਿੱਚ ਦਰਜ ਹੋਏ। ਵੱਖ ਵੱਖ ਕੇਸਾਂ ਵਿੱਚ ਉਹ ਨਾਮਜ਼ਦ ਕੀਤਾ ਗਿਆ ਔਰ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਸ ਦੀ ਇਨਕੁਆਰੀ ਕਿਸ ਦੀ ਸਿਫਾਰਸ਼ ਤੇ ਲੱਗੀ । (ਵਿਘਨ) ਹੁਣ ਤੁਸੀਂ ਕਹਿਣਾ ਹੈ ਕਿ ਉਹ ਨਹੀਂ ਹਨ। ਸਾਡੇ ਅੱਜ ਦੇ ਮੌਜੂਦਾ ਕਾਂਗਰਸ ਦੇ ਪ੍ਰਧਾਨ ਦੇ ਕਹਿਣ ਤੇ ਉਸ ਦੀ ਇਨਕੁਆਰੀ ਮਾਰਕ ਹੋਈ। ਉਸ ਸਮੇਂ ਦੇ ਐਸ.ਪੀ. ** ** ਨੇ ਇਸ ਨੂੰ ਇਨੋਸੈਂਟ ਕਰਾਰ ਦਿੱਤਾ।

ਮਾਨਯੋਗ ਸਪੀਕਰ : ** ** ਨਾਂ ਐਕਸਪੰਜ ਕਰ ਦਿਓ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ: ਬਾਕੀ ਜੇਲ੍ਹ ਵਿੱਚ ਹਨ, ਭੋਲੇ ਨੂੰ ਕਿਸ ਨੇ ਬਚਾਇਆ, ਸਾਡੇ ਸੱਜਣਾਂ ਨੇ ਬਚਾਇਆ ਹੈ। ਉਹ ਬੰਬੇ ਵਿੱਚ ਫੜਿਆ ਗਿਆ, ਮਹਾਂਰਾਸ਼ਟਰ ਵਿੱਚ ਫੜਿਆ ਗਿਆ ਉਥੇ ਵੀ ਪਤਾ ਨਹੀਂ ਕਿਸ ਦੇ ਨਾਲ ਯਾਰੀ ਪਾ ਲਈ। ਉਥੇ ਇਸ ਨੂੰ ਬੇਲ ਆਊਟ ਕਰਵਾਇਆ। ਸਪੀਕਰ ਸਾਹਿਬ, ਹੈਰਾਨੀ ਇਸ ਗੱਲ ਦੀ ਹੈ ਕਿ ਅਸੀਂ ਬਦਮਾਸ਼ ਫੜਿਆ। ਅੱਜ ਉਹ ਚੀਕਾਂ ਮਾਰਦਾ ਹੈ ਕਿ ਉਸ ਨੇ ਇਹੋ ਜਿਹੀ ਨਹੀਂ ਸੋਚੀ ਸੀ ਜਿਹੋ ਜਿਹੀ ਹੋਈ ਹੈ। ਉਹ ਸ਼ਰਾਰਤੀ ਦਿਮਾਗ ਦਾ ਬੰਦਾ ਸੀ ਜਿਹੜੀ ਅੱਜ ਉਸ ਦੇ ਨਾਲ ਹੋਈ ਹੈ। ਉਸ ਉੱਤੇ ਹੈਵੀ ਰਿਕਵਰੀ ਹੋਈ। ਉਸ ਦੀ ਪੰਜਾਬ

** ** Expunged/Not recorded as ordered by the Chair.

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ]

ਪੁਲਿਸ ਨੇ ਇਨਵੈਸਟੀਗੇਸ਼ਨ ਕੀਤੀ ਔਰ ਉਸ ਦੇ ਨਾਲ ਇਕੱਲੀ ਪੰਜਾਬ ਪੁਲਿਸ ਨੇ ਨਹੀਂ ਬਲਕਿ ਹਿੰਦੁਸਤਾਨ ਦੀਆਂ ਵੱਖਰੀਆਂ ਵੱਖਰੀਆਂ ਏਜੰਸੀਆਂ ਜਿਹੜੀਆਂ ਡਰੱਗਜ਼ ਨੂੰ ਡੀਲ ਕਰਦੀਆਂ ਹਨ, ਉਨ੍ਹਾਂ ਨੇ ਵੀ ਇਸ ਦੀ ਇਨਵੈਸਟੀਗੇਸ਼ਨ ਕੀਤੀ ਔਰ ਡਿਉਰਿੰਗ ਇਨਵੈਸਟੀਗੇਸ਼ਨ ਕਿਸੇ ਤਰ੍ਹਾਂ ਦੀ ਕੋਈ ਗੱਲ ਨਹੀਂ ਆਈ । ਸਪੀਕਰ ਸਾਹਿਬ, ਕੋਈ ਗੱਲ ਨਹੀਂ ਆਈ । ਜਿਹੜੀ ਸ਼ਰਾਰਤ ਕਿਸੇ ਨੇ ਕਰਵਾਈ, ਕਿਸ ਨੇ ਕੀਤੀ, ਉਹ ਜਦੋਂ 4-5-6 ਮਹੀਨੇ ਲੰਘ ਗਏ, ਪਤਾ ਨਹੀਂ 10 ਜਾਂ 11 ਪੇਸ਼ੀਆਂ ਜੁਡੀਸ਼ੀਅਲ ਰਿਮਾਂਡ ਦੀਆਂ ਲੰਘ ਗਈਆਂ ਤੇ ਫਿਰ ਸ਼ਰਾਰਤ ਦੇ ਤਹਿਤ ਸਾਰਾ ਮੈਨੇਜ ਕੀਤਾ ਗਿਆ ਤੇ ਭੋਲੇ ਦੇ ਮੂੰਹ ਤੋਂ ਅਖਵਾਇਆ ਕਿ ਅਸੀਂ ਇਨਵੈਸਟੀਗੇਸ਼ਨ ਨੂੰ ਮੰਨਾਂਗੇ। ਕੀ ਅਸੀਂ ਜਿਨ੍ਹਾਂ ਨੇ ਕੰਮ ਕੀਤਾ ਜਿਨ੍ਹਾਂ ਨੇ ਫੜ੍ਹ ਕੇ ਬਦਮਾਸ਼ ਨੂੰ ਅੰਦਰ ਕੀਤਾ, ਉਨ੍ਹਾਂ ਨੂੰ ਸ਼ਾਬਾਸ਼ ਦੇਵਾਂਗੇ ਜਾਂ ਇੱਕ ਬਦਮਾਸ਼ ਦੇ ਕਹਿਣ ਦੇ ਉੱਤੇ ਅਸੀਂ ਹੋ-ਹੱਲਾ ਕਰਾਂਗੇ? ਪਰ ਸਪੀਕਰ ਸਾਹਿਬ, ਮੇਰੇ ਕੋਲ ਇਹ ਇੱਕ ਕਾਪੀ ਹੈ । ਪਤਾ ਨਹੀਂ ਕਿਸ ਦਾ ਪੀ.ਏ ਹੈ, ਉਸ ਨੇ ਦਿੱਤੀ। ਮੈਂ ਵੀ ਮਨ ਬਣਾਇਆ ਕਿ ਮੈਂ ਵੀ ਬੋਲਾਂ। ਮੇਰੇ ਕੋਲ ਇੱਕ ਬੈਡ ਕਰੈਕਟਰ, ਜਿਸ ਨੂੰ ਬੀ.ਸੀ. ਕਹਿੰਦੇ ਹਨ, ਵੱਡਾ ਬਦਮਾਸ਼ ਕਹਿੰਦੇ ਹਨ, ਇੱਕ ਕਾਂਗਰਸ ਲੀਡਰ ਦਾ ਸਰਟੀਫਿਕੇਟ, ਮੇਰੇ ਹਲਕੇ ਦਾ ਥਾਣਾ ਹੈ ਖੇਮਕਰਨ, ਔਰ ਉਸ ਥਾਣੇ ਵਿੱਚ ਸਰਦਾਰ ** ** ਅੱਜ ਵੀ ਜਿਸ ਦਾ ਰਿਕਾਰਡ ਬੀ.ਸੀ. ਬੋਲਦਾ ਹੈ, ਬੈਡ ਕਰੈਕਟਰ ਔਰ ** ** ਨੇ 2002 ਦੇ ਵਿੱਚ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੀ ਟਿਕਟ ਦਿੱਤੀ।

ਮਾਨਯੋਗ ਸਪੀਕਰ : ** ** ਦੋਨੋਂ ਨਾਮ ਕੱਟ ਦੇਣਾ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ: ਮੇਰੇ ਕੋਲ ਸਰਟੀਫਿਕੇਟ ਹੈ। ਮੇਰੇ ਕੋਲ ਬਕਾਇਦਾ ਅਟੈਸਟਿਡ ਕਾਪੀ ਹੈ । ਸਪੀਕਰ ਸਾਹਿਬ, 25 ਕੇਸ ਉਸ ਬੰਦੇ ਤੇ ਰਜਿਸਟਰਡ ਹਨ ਔਰ ਸਾਬਕਾ ਮੰਤਰੀ ਉਸ ਦਾ ਮਾਮਾ ਲੱਗਦਾ ਹੈ। ਮੇਰੇ ਹਲਕੇ ਦਾ ਜਿਹੜਾ ਕਾਂਗਰਸ ਦਾ ਇੰਚਾਰਜ ਹੈ ਉਹ ** ** ਦਾ ਮਾਮਾ ਲੱਗਦਾ ਹੈ। ਇਨ੍ਹਾਂ ਦੀਆਂ ਸਾਂਝਾਂ ਔਰ 25-25 ਕੇਸਾਂ ਵਾਲੇ ਬੈਡ ਕਰੈਕਟਰ ਵਾਲੇ ਜਿਸ ਦੇ ਬਾਰੇ ਬਕਾਇਦਾ ਰਿਕਾਰਡ ਵਿੱਚ ਦਰਜ ਹੈ ਕਿ ** ** ਪਾਕਿ ਸਿਪਾਹੀ ਹੈ।

ਮਾਨਯੋਗ ਸਪੀਕਰ : ** ** ਨਾਂ ਐਕਸਪੰਜ ਕਰ ਦੇਣਾ।

** ** Expunged as ordered by the Chair.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸਾਡੇ ਭੈਣ ਜੀ ਇਥੇ ਬੈਠੇ ਹਨ ਕਾਦੀਆਂ ਵਾਲੇ ਜਾਂ ਸ਼ਾਇਦ ਚਲੇ ਗਏ ਹਨ। ਇਨ੍ਹਾਂ ਦੀ ਬੜੀ ਨਜ਼ਦੀਕੀ ਰਿਸ਼ਤੇਦਾਰੀ ਹੈ, ਬੜੀ ਸਾਂਝ ਹੈ, ਬਲੱਡ ਰਿਲੇਸ਼ਨ ਨਹੀਂ ਹੈ ਪਰ ਸਾਂਝਾਂ ਹੁਣ ਕਿਸ ਤਰ੍ਹਾਂ ਦੀਆਂ ਹਨ ।** ** ਵਾਸੀ ਰਸੂਲਪੁਰ, ਥਾਣਾ ਝਬਾਲ, ਕੀ ਇਹ ਦੱਸਣਗੇ ਕਿ ਉਸ ਨਾਲ ਕੀ ਸਾਂਝ ਹੈ? ਜੇ ਬਦਮਾਸ਼ਾਂ ਨਾਲ ਸਾਂਝਾਂ ਦੀਆਂ ਗੱਲਾਂ ਕਰਨ ਲੱਗ ਗਏ ਹਾਂ, ਅਸੀਂ ਨਹੀਂ ਕਹਿੰਦੇ ਕਿ ** ** ਜੋ ਕਰਾਈਮ ਕਰਦਾ ਰਿਹਾ ਹੈ, ਜੋ ਉਹ ਬਦਮਾਸ਼ ਸੀ, ਸਮੱਗਲਰ ਸੀ, ਇਹ ਇਸ ਗੱਲ ਬਾਰੇ ਦੱਸ ਦੇਣ ਕਿ ** ** ਦੀ ਉਸ ਨਾਲ ਸਾਂਝ ਹੈ ਕਿ ਨਹੀਂ ਹੈ?

ਮਾਨਯੋਗ ਸਪੀਕਰ : ਨਾਂ ਐਕਸਪੰਜ ਕਰ ਦਿੱਤੇ ਜਾਣ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਮੈਨੂੰ ਦੁੱਖ ਹੈ ਕਿ ਜਦੋਂ ਇਨ੍ਹਾਂ ਦੀ ਗੱਲ ਆਉਂਦੀ ਹੈ ਤਾਂ ਇਨ੍ਹਾਂ ਦੀਆਂ ਚੀਕਾਂ ਵੱਜਦੀਆਂ ਹਨ। ਜਦੋਂ ਬੇਗਾਨਿਆਂ ਦੇ ਪੁੱਤ ਰੋਂਦੇ ਹੋਣ, ਉਦੋਂ ਨਜ਼ਰ ਨਹੀਂ ਆਉਂਦਾ। ਜਦੋਂ ਆਪਣਾ ਰੋਂਦਾ ਹੋਵੇ ਫਿਰ ਦਿਲ ਘਾਊਂ-ਮਾਊਂ ਕਰਦਾ ਹੈ। ਰਾਜਾ ਵੜਿੰਗ ਜੀ ਦੇ ਅੱਥਰੂ ਮੈਨੂੰ ਅੱਜ ਵੀ ਯਾਦ ਹਨ। ਜਦੋਂ ਵੀਰ ਨੇ ਇੱਥੇ ਬੜਾ ਇਮੋਸ਼ਨਲ ਹੋ ਕੇ ਕਿਹਾ ਸੀ, ਇਨ੍ਹਾਂ ਦਾ ਪੀ.ਏ. ਫੜਿਆ ਗਿਆ ਸੀ, ਜਾਖੜ ਸਾਹਿਬ, ਤੁਸੀਂ ਇਸ ਦਾ ਜ਼ਿਕਰ ਕਿਉਂ ਨਹੀਂ ਕੀਤਾ। (ਵਿਘਨ)

ਸਰਦਾਰ ਸਿਮਰਜੀਤ ਸਿੰਘ ਬੈਂਸ : ਉਸ ਨੇ ਤਾਂ ਸੀ.ਬੀ.ਆਈ. ਦੀ ਇਨਕੁਆਰੀ ਦੀ ਮੰਗ ਕੀਤੀ ਸੀ, ਤੁਸੀਂ ਕਿਉਂ ਨਹੀਂ ਦਿੱਤੀ?

ਮਾਨਯੋਗ ਸਪੀਕਰ : ਬੈਂਸ ਸਾਹਿਬ, ਬੈਠ ਜਾਉ। (ਸ਼ੋਰ) ਬੈਂਸ ਸਾਹਿਬ, ਤੁਹਾਡੇ ਨਾਲ ਸਬੰਧਿਤ ਨਹੀਂ ਹੈ, ਤੁਸੀਂ ਬੈਠ ਜਾਉ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਵੈਸੇ ਤੁਹਾਨੂੰ ਬੋਲਣ ਦਾ ਮੌਕਾ ਮਿਲਣਾ ਹੈ, ਤੁਹਾਡਾ ਲਿਸਟ ਵਿੱਚ ਨਾਂ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਇਸ ਤੋਂ ਬਾਅਦ ਮੈਂ ਬੋਲਣਾ ਹੈ

** ** Expunged as ordered by the Chair.

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਅਤੇ ਉਦੋਂ ਮੈਂ ਸਾਰੀ ਗੱਲ ਦੱਸ ਵੀ ਦੇਵਾਂਗਾ ਪਰ ਇਸ ਮਸਲੇ ਤੇ ਮੈਂ ਵਲਟੋਹਾ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਨਿੱਕੇ ਹੁੰਦੇ ਅਸੀਂ ਇੱਕ ਖੇਡ ਖੇਡਦੇ ਹੁੰਦੇ ਸੀ ਕਿ ਜੇਕਰ ਆਪਣੇ ਚਿੱਟੇ ਕੱਪੜੇ ਧੋ ਨਾ ਸਕੀਏ, ਜਿਵੇਂ ਕਿ ਮੇਰੇ ਗੰਦੇ ਹੋ ਗਏ ਅਤੇ ਮੈਨੂੰ ਹੈ ਕਿ ਆਪਣੇ ਤਾਂ ਸਾਫ ਨਹੀਂ ਹੋ ਸਕਦੇ ਤਾਂ ਨਾਲ ਵਾਲੇ ਬੰਦੇ ਦੇ ਕੱਪੜੇ ਉਸ ਨਾਲ ਘਸਾ ਕੇ ਗੰਦੇ ਕਰ ਦਿਉ। ਮੇਰੇ ਤੇ ਵੀ ਇਹ ਹੀ ਕਿਰਪਾ ਹੈ। ਇਹ ਮੇਰਾ ਨਾਮ ਲੈ ਰਹੇ ਹਨ। ਇਸ ਬਾਰੇ ਮੈਂ ਸੀ.ਬੀ.ਆਈ. ਇਨਕੁਆਰੀ ਮੰਗੀ ਸੀ, (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਕੇਂਦਰ ਵਿੱਚ ਬੀ.ਜੇ.ਪੀ. ਦੀ ਸਰਕਾਰ ਹੋਣ ਦੇ ਬਾਵਜੂਦ ਮੈਂ ਕਿਹਾ ਸੀ ਕਿ ਮੇਰੀ ਅਤੇ ਮੇਰੇ ਸਾਥੀਆਂ ਦੀ ਇਨਕੁਆਰੀ ਕਰਵਾਈ ਜਾਵੇ ਕਿਉਂਕਿ ਹਿੰਦੁਸਤਾਨ ਅਤੇ ਪੰਜਾਬ ਸਾਡੇ ਵੱਲ ਵੇਖ ਰਿਹਾ ਹੈ। ਬਾਹਰਲੇ ਮੁਲਕਾਂ ਦੇ ਲੋਕ ਵੇਖ ਰਹੇ ਹਨ ਕਿ ਕੌਣ ਇਸ ਵਿੱਚ ਲੱਥ-ਪੱਥ ਹੈ। ਹੋ ਸਕਦਾ ਹੈ ਕਿ ਮੈਂ ਹੋਵਾਂ। ਮੈਂ ਕਿਹਾ ਸੀ ਕਿ ਸੀ.ਬੀ.ਆਈ. ਇਨਕੁਆਰੀ ਅਤੇ ਸਿਟਿੰਗ ਜੱਜ ਤੋਂ ਇਨਕੁਆਰੀ ਹੋਣੀ ਚਾਹੀਦੀ ਹੈ। ਇਸ ਪਾਸੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠ ਕੇ ਪੰਜਾਬ ਪੁਲਿਸ ਤੇ ਕੋਈ ਇਤਬਾਰ ਨਹੀਂ ਕੀਤਾ ਜਾ ਸਕਦਾ ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਇਸ ਵਿੱਚ ਮੇਰਾ ਟਾਈਮ ਨਾ ਘਟਾਇਆ ਜਾਵੇ। ਸਪੀਕਰ ਸਾਹਿਬ, ਮੈਂ ਕਾਂਗਰਸ ਪਾਰਟੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ** ** ਹੈ, ਕੀ ਉਹ ਸਾਡੇ ਐਮ.ਐਲ.ਏ. ਸਾਹਿਬ ਦਾ ਪੀ.ਏ. ਨਹੀਂ ਸੀ? ਕੀ ਉਹ ਕਾਂਗਰਸ ਦਾ ਗਿੱਦੜਬਾਹਾ ਹਲਕੇ ਦਾ ਯੂਥ ਕਾਂਗਰਸ ਦਾ ਪ੍ਰਧਾਨ ਨਹੀਂ ਸੀ? ਉਸ ਨੂੰ ਐਨ.ਡੀ.ਪੀ.ਸੀ. ਐਕਟ ਤਹਿਤ 10 ਸਾਲ ਦੀ ਸਜ਼ਾ ਹੋਈ ਹੈ। ਮੈਂ ਇਹ ਕਾਂਗਰਸ ਪਾਰਟੀ ਤੋਂ ਜਾਣਨਾ ਚਾਹੁੰਦਾ ਹਾਂ। ਜਿਹੜਾ ਮਾਨਸਾ ਪੁਲਿਸ ਨੇ ਫੜਿਆ ਸੀ....

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰੀ ਤਾਂ ਉਮਰ ਬਹੁਤ ਘੱਟ ਹੈ, ਤੁਹਾਡਾ ਤਜਰਬਾ ਬਹੁਤ ਜ਼ਿਆਦਾ ਹੈ। ਇਹ ਉਲਝਣ ਵਾਲੀਆਂ ਗੱਲਾਂ ਨਾ ਕਰੋ ਕਿਉਂਕਿ ਪੰਜਾਬ ਪੁਲਿਸ ਨੇ ਪੁਆਇੰਟ ਲਿਆ ਕੇ ਸਰਕਾਰ ਕੋਲ ਰੱਖ ਦਿੱਤੇ ਅਤੇ ਉਨ੍ਹਾਂ ਨੇ ਪੜ੍ਹਨ ਵਿੱਚ ਬੜਾ ਸ਼ੌਂਕ ਰੱਖਿਆ। (ਵਿਘਨ) (ਸ਼ੋਰ) ਵਲਟੋਹਾ ਸਾਹਿਬ, ਮੈਂ ਤੁਹਾਡੀ ਗੱਲ ਦਾ ਜਵਾਬ ਦਿੰਦਾ ਹਾਂ।

** ** Expunged as ordered by the Chair.

ਮਾਨਯੋਗ ਸਪੀਕਰ : ਤੁਹਾਡੀ ਵਾਰੀ ਆਉਣੀ ਹੈ, ਤੁਸੀਂ ਜਵਾਬ ਦੇ ਦੇਣਾ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਜੇਕਰ ** ** ਮੇਰਾ ਪੀ.ਏ. ਹੋਇਆ, ਕੱਲ੍ਹ ਤੱਕ ਇਹ ਸਦਨ ਚੱਲਣਾ ਹੈ, ਇਹ ਸਾਬਤ ਕਰ ਦੇਣ। ਉਸ ਤੋਂ ਬਾਅਦ ਜਾਂ ਤਾਂ ਇਹ ਅਸਤੀਫਾ ਦੇ ਦੇਣ ਜਾਂ ਮੈਂ ਅਸਤੀਫਾ ਦੇ ਦੇਵਾਂਗਾ। (ਵਿਘਨ) (ਸ਼ੋਰ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਮੈਂ ਕਿਹਾ ਪ੍ਰਧਾਨ, ਯੂਥ ਕਾਂਗਰਸ, ਗਿੱਦੜਬਾਹਾ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਅਗਰ ਨਾਂ ਲਵੋਗੇ ਤਾਂ ਬਥੇਰੇ ਟੈਰੋਰਿਸਟ, ਐਕਸ-ਟੈਰੋਰਿਸਟ ਮਿਲ ਜਾਣਗੇ ਜਿਨ੍ਹਾਂ ਵਿੱਚੋਂ ਕਿਸੇ ਨਾਲ ਤੁਹਾਡੀ ਵੀ ਫੋਟੋ ਆ ਜਾਵੇਗੀ। ਤੁਸੀਂ ਗਲਤ ਗੱਲ ਨਾ ਕਰੋ ਪਲੀਜ਼। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) (ਸ਼ੋਰ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ: ਮੈਨੂੰ ਖੁਦ ਕਹਿੰਦੇ ਸੀ ਕਿ ਮੈਂ **** ਹਾਂ ਤੇ ਇਹੋ ਜਿਹੇ, ਜਿਹੇ ਜਿਹੇ ਅਸੀਂ ਕੰਮ ਕਰਦੇ ਰਹੇ ਤੇ ਇਹ ਕਹਿੰਦੇ ਕਿ ਮੈਂ **** ਹਾਂ ਤਾਂ ਮੈਂ ਅੱਜ ਵੀ ਕਹਿੰਦਾ ਹਾਂ ਕਿ ਮੈਂ **** ਹਾਂ। (ਵਿਘਨ....ਸ਼ੋਰ.....) ਇੱਕ ਮਿੰਟ ਬੈਠੋ.... ਸੁਣੋ ਹੁਣ। (ਵਿਘਨ) (ਸ਼ੋਰ) ਸਪੀਕਰ ਸਾਹਿਬ....., ਸਪੀਕਰ ਸਾਹਿਬ..... (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਪਲੀਜ਼ ਬੈਠ ਜਾਉ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਇੱਥੇ ਲੁੱਟ ਦੀਆਂ ਗੱਲਾਂ ਚਲਦੀਆਂ ਹਨ। (ਵਿਘਨ)

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। (ਵਿਘਨ) (ਸ਼ੋਰ)

** ** Expunged as ordered by the Chair.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਇਨ੍ਹਾਂ ਨੂੰ ਪਹਿਲਾਂ ਬਿਠਾ ਲਉ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਸਿਰਫ ਦੋ ਮਿੰਟ, ਇਸ ਤੋਂ ਵੱਧ ਨਹੀਂ ਲੈਂਦਾ। (ਵਿਘਨ)

Mr. Speaker : Please sit down. ਹਾਂ ਜੀ, ਸੇਖੜੀ ਸਾਹਿਬ। (ਸ਼ੋਰ)

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਇੱਕ ਐਡਮਿਸ਼ਨ ਹੋਈ ਹੈ। ਕੀ ਹੋਮ ਮਨਿਸਟਰ ਸਾਹਿਬ ਇਸ ਚੀਜ਼ ਤੇ ਕੋਈ ਕਾਰਵਾਈ ਕਰਨਗੇ? (ਵਿਘਨ) (ਸ਼ੋਰ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਜੇਕਰ ਇਹ ਗੱਲ ਇਨ੍ਹਾਂ ਨੂੰ ਚੁਭੀ ਹੈ ਤਾਂ ਮੈਂ ਇਹ ਸ਼ਬਦ ਵਾਪਸ ਲੈ ਲੈਂਦਾ ਹਾਂ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਨੂੰ ਵਿਧਾਨ ਸਭਾ ਵਿੱਚ ਤੁਸੀਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਨਹੀਂ ਭੇਜਿਆ, ਲੋਕਾਂ ਨੇ ਚੁਣ ਕੇ ਭੇਜਿਆ ਹੈ। ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਨੂੰ ਕਹਿੰਦਾ ਹਾਂ ਕਿ ਜੇਕਰ ਇਨ੍ਹਾਂ ਨੂੰ ਇਹ ਗੱਲ ਚੁਭੀ ਹੈ ਜਾਂ ਇਨ੍ਹਾਂ ਨੇ ਗਲਤ ਮਹਿਸੂਸ ਕੀਤੀ ਹੈ ਤਾਂ ਮੈਂ ਆਪਣੇ ਸ਼ਬਦ ਵਾਪਸ ਲੈਂਦਾ ਹਾਂ। ਮੈਂ ਆਪਣੀ ਗੱਲ ਵਾਪਸ ਲੈਂਦਾ ਹਾਂ ਪਰ ਇਹ ਮੇਰੀ ਗੱਲ ਸੁਣ ਲੈਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਮੈਨੂੰ ਵਿਧਾਨ ਸਭਾ ਵਿਚ ਲੋਕਾਂ ਨੇ ਚੁਣ ਕੇ ਭੇਜਿਆ ਹੈ, ਤੁਸਾਂ ਨਹੀਂ ਭੇਜਿਆ।

Mr. Speaker : Nothing should be recorded. Please sit down.

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਆਪ ਖੁਦ ਕਿਹਾ ਹੈ ਕਿ ਉਹ ਇਹ ਲਫਜ਼ ਵਾਪਸ ਲੈਂਦਾ ਹੈ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ

** ** Expunged as ordered by the Chair.

ਸਾਹਿਬ, ਮੈਂ ਜਾਖੜ ਸਾਹਿਬ ਨੂੰ ਕਹਿੰਦਾ ਹਾਂ ਕਿ ਜੇਕਰ ਇਨ੍ਹਾਂ ਨੂੰ ਇਹ ਗੱਲ ਚੁਭੀ ਹੈ ਜਾਂ ਇਨ੍ਹਾਂ ਨੇ ਗਲਤ ਮਹਿਸੂਸ ਕੀਤੀ ਹੈ ਤਾਂ ਮੈਂ ਆਪਣੇ ਲਫਜ਼ ਵਾਪਸ ਲੈਂਦਾ ਹਾਂ। ** ** ਇਨ੍ਹਾਂ ਨੂੰ ਇਹ ਲਫਜ਼ ਚੁੱਭਦੇ ਹਨ, ਗੱਲ ਕਹਿੰਦਾ ਹਾਂ, ਇਨ੍ਹਾਂ ਨੂੰ ਇਹ ਚੁਭਦੀ ਹੈ। ਮੈਨੂੰ ** ** ਇਨ੍ਹਾਂ ਦੀ ਪੁਲਿਸ ਨੇ ਬਣਾਇਆ ਸੀ। ਮੈਂ ** ** ਨਹੀਂ ਸੀ। ਮੈਂ ** ** ਨਹੀਂ ਸੀ.... (ਸ਼ੋਰ) (ਵਿਘਨ)

Mr. Speaker : Nothing should be recorded. (Interruption) Nothing should be recorded. Please sit down. Please sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਖੜ੍ਹੇ ਹੋ ਕੇ ** ** ਦੇ ਨਾਅਰੇ ਉੱਚੀ ਉੱਚੀ ਅਵਾਜ਼ ਵਿੱਚ ਲਗਾਉਣ ਲੱਗੇ।

ਉਪ ਮੁੱਖ ਮੰਤਰੀ (ਬੈਠੇ-ਬੈਠੇ) : ਉਨ੍ਹਾਂ ਨੇ ਲਫਜ਼ ਵਾਪਸ ਲੈ ਲਏ ਹਨ।

Mr. Speaker : Please sit down. .... Please sit down.....He is an elected Member now. Please go to your seats. This is not fair. .. (Interruptions.... Noises....)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਮੈਂ ਜਾਖੜ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਬੋਲੇ ਸੀ ਤਾਂ ਕੋਈ ਬੋਲਿਆ। ..... (ਵਿਘਨ) (ਸ਼ੋਰ)

Mr. Speaker : Please sit down. .... (interruption)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਂ ਦੇ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

Mr. Speaker : Please go to your seats. ..... (interruption). He is elected Member. Now he is elected Member. No. Please go to your seats. ...... (Interruption) This is not fair. Please go to your seats. I cannot stop.

** **Not recorded as ordered by the Chair.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਮੈਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ। ਇਨ੍ਹਾਂ ਨੇ ਬਥੇਰਾ ਕੋਸ਼ਿਸ਼ ਕੀਤੀ ਸੀ .... (ਵਿਘਨ) (ਸ਼ੋਰ)

Mr. Speaker : Now go to your seats.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਇਹ ਪਹਿਲੀ ਵਾਰ ਗੱਲ ਵੇਖੀ ਹੈ ਕਿ ਇਕ ਚੁਣੇ ਹੋਏ ਨੁਮਾਇੰਦੇ ਨੂੰ ਇਨ੍ਹਾਂ ਦੀਆਂ ਸਰਕਾਰਾਂ ਹੀ ** ** ਬਣਾਉਂਦੀਆਂ ਰਹੀਆਂ। ..... (ਵਿਘਨ) (ਸ਼ੋਰ)

Mr. Speaker : Now go to your seats.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ, ਸਾਡੇ ਉਤੇ ਇਨ੍ਹਾਂ ਨੇ ਝੂਠੇ ਮੁਕੱਦਮੇ ਬਣਾਏ। ਅਸੀਂ ਬਰੀ ਹੋਏ। ਇਹ ਉਨ੍ਹਾਂ ਮੁਕੱਦਮਿਆਂ ਕਰਕੇ ਸਾਨੂੰ ਕਈ ਤਰ੍ਹਾਂ ਦੀ ਸੰਗਿਆ ਦਿੰਦੇ ਰਹੇ ਹਨ। ਸਪੀਕਰ ਸਾਹਿਬ, ਇਸ ਗੱਲ ਦੀ ਸਾਨੂੰ ਪਰਵਾਹ ਨਹੀਂ ਪਰ ਜੋ ਸਾਡਾ ਕਿਰਦਾਰ ਹੈ, ਉਸ ਤੇ ਸਾਨੂੰ ਮਾਣ ਹੈ। .... (ਸ਼ੋਰ....ਵਿਘਨ)

Mr. Speaker : Please go to your seats now.

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ *** *** ਉੱਚੀ ਉੱਚੀ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਇਹ ਪੰਜਾਬ ਦੇ ਹੱਕਾਂ ਲਈ ਲੜਨਾ ਹੈ ਤੇ ** ** ਕਹਾਉਣਾ ਹੈ, ਫਿਰ ਇਹ ਤਾਂ ਇਹ ਕਹਿੰਦੇ ਰਹੇ ਹਨ। ਪੰਜਾਬ ਦੇ ਹੱਕਾਂ ਲਈ ਲੜਨ ਵਾਲਿਆਂ ਨੂੰ, ਅਕਾਲੀ ਦਲ ਨੂੰ ਇਹ ** ** ਕਹਿੰਦੇ ਰਹੇ ਹਨ।

Mr. Speaker : Please expunge these words.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਉੱਚੀ ਉੱਚੀ

** **Not recorded as ordered by the Chair.

ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

SHORT ADJOURNMENT OF THE HOUSE

ਮਾਨਯੋਗ ਸਪੀਕਰ : ਹੁਣ ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*12.04 ਵਜੇ ਬਾਅਦ ਦੁਪਹਿਰ) (*ਇਸ ਉਪ੍ਰੰਤ ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

------

*12.30 ਵਜੇ ਬਾਅਦ ਦੁਪਹਿਰ) (*ਇਸ ਸਮੇਂ ਹਾਊਸ ਮੁੜ ਇਕੱਤਰ ਹੋਇਆ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਮਾਨਯੋਗ ਸਪੀਕਰ : ਆਪਣੀਆਂ ਸੀਟਾਂ ਤੇ ਜਾਓ । Please go to your seats. ਮੋਫਰ ਸਾਹਿਬ, ਬਹੁਤ ਹੋ ਗਿਆ ਹੈ । (ਵਿਘਨ) (ਸ਼ੋਰ) ਹੁਣ ਆਪਣੀਆਂ ਸੀਟਾਂ ਤੇ ਚਲੇ ਜਾਓ । ਮੇਰੀ ਬੇਨਤੀ ਹੈ, Please go to your seats. ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਓ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਮਾਨਯੋਗ ਸਪੀਕਰ : ਜਾਖੜ ਜੀ, ਮੇਰੀ ਇੱਕ ਬੇਨਤੀ ਹੈ । ਸੁਣ ਲਓ ਜ਼ਰਾ । ਤਰਲੋਚਨ ਜੀ, ਮੇਰੀ ਬੇਨਤੀ ਸੁਣ ਲਓ। (ਵਿਘਨ) (ਸ਼ੋਰ) ਮੈਨੂੰ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਪਾਸ ਕਰਵਾ ਲੈਣ ਦਿਓ। (ਵਿਘਨ) (ਸ਼ੋਰ) ਮੈਂ ਚਾਹੁੰਦਾ ਹਾਂ ਕਿ ਮੈਨੂੰ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਪਾਸ ਕਰਵਾ ਲੈਣ ਦਿਓ । (ਵਿਘਨ) (ਸ਼ੋਰ) ਮੈਨੂੰ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਪਾਸ ਕਰਵਾ ਲੈਣ ਦਿਓ । (ਵਿਘਨ) (ਸ਼ੋਰ) ਮਿੱਤਲ ਸਾਹਿਬ, ਆਪਣੀ ਸੀਟ ਤੇ ਜਾਓ ।

** Expunged/Not recorded as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਮਾਨਯੋਗ ਸਪੀਕਰ : ਮੈਂ ਚਾਹੁੰਦਾ ਹਾਂ ਕਿ ਹਾਊਸ ਦੀ ਸਹਿਮਤੀ ਨਾਲ ਮੈਂ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਪਾਸ ਕਰਵਾ ਲਵਾਂ । (ਵਿਘਨ) (ਸ਼ੋਰ) ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪਹਿਲਾਂ ਪਾਸ ਕਰਵਾਉਣਾ ਚਾਹੁੰਦਾ ਹਾਂ ।

(ਇਸ ਸਮੇਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸਮਝਾਉਣ ਦਾ ਯਤਨ ਕਰਨ ਲੱਗੇ ।)

PRESENTATION OF THE FIRST REPORT OF THE BUSINESS ADVISORY COMMITTEE

ਮਾਨਯੋਗ ਸਪੀਕਰ : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਕਿ ਇਸ ਤਰ੍ਹਾਂ ਹੈ :

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ 23 ਦਸੰਬਰ, 2014 ਤੋਂ 24 ਦਸੰਬਰ, 2014 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਿਤ ਕੰਮ-ਕਾਰ ਕੀਤਾ ਜਾਵੇਗਾ–

ਮੰਗਲਵਾਰ, 23 ਦਸੰਬਰ, 2014 (10.00 ਵਜੇ ਸਵੇਰੇ) (ਸਵੇਰ ਦੀ ਬੈਠਕ)	ਵਿਧਾਨਕ ਕੰਮ-ਕਾਰ
ਮੰਗਲਵਾਰ, 23 ਦਸੰਬਰ, 2014 (3.00 ਵਜੇ ਬਾਅਦ ਦੁਪਹਿਰ) (ਬਾਅਦ ਦੁਪਹਿਰ ਦੀ ਬੈਠਕ)	ਗੈਰ ਸਰਕਾਰੀ ਕੰਮ-ਕਾਰ

** Expunged as ordered by the Chair.

ਬੁੱਧਵਾਰ, 24 ਦਸੰਬਰ, 2014 (10.00 ਵਜੇ ਸਵੇਰੇ)	i) ਵਿਧਾਨਕ ਕੰਮ-ਕਾਰ ;
	ii) ਮਾਨਯੋਗ ਮੈਂਬਰਾਂ ਦੁਆਰਾ ਆਪੋ ਆਪਣੇ ਹਲਕਿਆਂ ਨਾਲ ਸੰਬੰਧਿਤ ਮਾਮਲੇ ਉਠਾਉਣ ਲਈ ਦੋ ਘੰਟੇ ਦਾ ਸਮਾਂ ; ਅਤੇ
	iii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸੰਬੰਧੀ ਨਿਯਮ 16 ਅਧੀਨ ਪ੍ਰਸਤਾਵ

ਜੇਕਰ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ । (ਵਿਘਨ) (ਸ਼ੋਰ)

ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ ।

(ਬਹਿਸ, ਜੇਕਰ ਕੋਈ ਹੋਵੇ ?)

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ ।

ਪ੍ਰਸਤਾਵ ਪ੍ਰਵਾਨ ਹੋਇਆ । (ਵਿਘਨ ਸ਼ੋਰ)

DHARNA

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਸਦਨ ਦੇ ਵੈੱਲ ਵਿੱਚ ਧਰਨੇ ਤੇ ਬੈਠ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ; ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਅਤੇ ਡਾਕਟਰ ਦਲਜੀਤ ਸਿੰਘ ਚੀਮਾ, ਸਿੱਖਿਆ ਮੰਤਰੀ ਵੀ ਸਦਨ ਦੇ ਵੈੱਲ ਵਿੱਚ ਜਾ ਕੇ ਵਿਰੋਧੀ ਧਿਰ ਨਾਲ ਗੱਲਬਾਤ ਕਰ ਰਹੇ ਸਨ।)

(ਇਸ ਸਮੇਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਆਪਣੀ ਸੀਟ ਤੇ ਵਾਪਸ ਆ ਗਏ।)

Mr. Speaker : Please go to your seats. ਜਾਖੜ ਸਾਹਿਬ, ਆਪਣੇ ਮਾਨਯੋਗ ਮੈਂਬਰਜ਼ ਨੂੰ ਕਹੋ ਕਿ ਉਹ ਸੀਟਾਂ ਤੇ ਜਾਣ। Please go to your seats.

(ਇਸ ਸਮੇਂ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਅਤੇ ਡਾਕਟਰ ਦਲਜੀਤ ਸਿੰਘ ਚੀਮਾ, ਸਿੱਖਿਆ ਮੰਤਰੀ ਵੀ ਆਪਣੀਆਂ ਸੀਟਾਂ ਤੇ ਵਾਪਸ ਆ ਗਏ ਪਰ ਵਿਰੋਧੀ ਧਿਰ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਧਰਨੇ ਤੇ ਬੈਠ ਕੇ ** ** ਨਾਅਰੇ ਲਗਾ ਰਹੇ ਸਨ ।)

Mr. Speaker : Please go to your seats. ਆਪਣਾ ਸਮਾਂ ਜਾ ਰਿਹਾ ਹੈ ....(ਵਿਘਨ) ..... (ਸ਼ੋਰ) ....

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਹੈ, ਫਿਰ ਤੁਸੀਂ ਕਿਵੇਂ ਕਹਿ ਸਕਦੇ ਹੋ। ....(ਵਿਘਨ).... (ਸ਼ੋਰ)......

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ

** Expunged as ordered by the Chair.

ਕੁਲਜੀਤ ਸਿੰਘ ਨਾਗਰਾ ਮੁੱਖ ਮੰਤਰੀ ਦੀ ਚੇਅਰ ਦੇ ਸਾਹਮਣੇ ਵੈੱਲ ਆਫ ਦਿ ਹਾਊਸ ਵਿੱਚ ਬੈਠ ਗਏ ।)

Mr. Speaker : Please listen me. Please listen me. (ਵਿਘਨ ਸ਼ੋਰ) listen me. ਜੇ ਤੁਹਾਡੇ ਵਿਚੋਂ ਕਿਸੇ ਨੇ ਨਹੀਂ ਬੋਲਣਾ........ (ਵਿਘਨ) (ਸ਼ੋਰ) ਰੰਧਾਵਾ ਜੀ, listen me. ਅਗਰ ਤੁਹਾਡੇ ਵਿਚੋਂ ਕਿਸੇ ਨੇ ਨਹੀਂ ਬੋਲਣਾ ਤਾਂ ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਬੋਲਣਗੇ। ਚਲੋ, ਸੀ.ਐਮ. ਸਾਹਿਬ ਨੂੰ ਬੁਲਾ ਦਿੰਦੇ ਹਾਂ। (ਵਿਘਨ) (ਸ਼ੋਰ)

SHORT ADJOURNMENT OF THE HOUSE

ਮਾਨਯੋਗ ਸਪੀਕਰ : ਹਾਊਸ, 1.00 ਵਜੇ ਬਾਅਦ ਦੁਪਹਿਰ ਤੱਕ ਐਡਜਰਨ ਕੀਤਾ ਜਾਂਦਾ ਹੈ।

*12.41 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ 1.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

------

*1.00 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** **ਨਾਅਰੇ ਲਗਾ ਰਹੇ ਸਨ ਜੋ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker : Please go to your seats. ਮੈਂ ਜੋ ਕਰ ਸਕਦਾ ਸੀ, ਉਸ ਅਨੁਸਾਰ ਉਨ੍ਹਾਂ ਨੇ ਜੋ ਹਾਊਸ ਵਿੱਚ ਕਿਸੇ ਦਾ ਨਾਂ ਲਿਆ ਹੈ, ਉਹ ਸਾਰਾ ਕੁਝ ਐਕਸਪੰਜ ਕਰ ਦਿੱਤਾ ਹੈ। ਜੋ ਉਨ੍ਹਾਂ ਨੇ ** ** ਦੇ ਸਬੰਧ ਵਿੱਚ ਲਫ਼ਜ਼ ਕਹੇ ਹਨ, ਉਹ ਸਾਰੇ ਐਕਸਪੰਜ ਕਰ ਦਿੱਤੇ ਹਨ। Even then ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਐਕਸਪਲੇਨੇਸ਼ਨ ਦੇ ਦੇਣ। (ਵਿਘਨ) (ਸ਼ੋਰ) ਉਨ੍ਹਾਂ ਨੇ ਜੋ ਕਿਹਾ ਹੈ, ਉਹ ਐਕਸਪੰਜ ਕਰ ਦਿੱਤਾ ਹੈ। ਦੱਸੋ, ਹੋਰ ਕੀ ਕਰਨਾ ਹੈ।

** Not recorded/Expunged as ordered by the Chair.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਸਪੀਕਰ ਸਾਹਿਬ,..... (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜੇ ਤੁਸੀਂ ਪਾਰਟੀਸੀਪੇਸ਼ਨ ਨਹੀਂ ਕਰਨਾ ਚਾਹੁੰਦੇ, ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰ ਸਕਦਾ ਹਾਂ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਤੁਹਾਡਾ ਜਵਾਬ ਦੇ ਦੇਣ। ਹਾਊਸ ਦੀ ਬਾਕੀ ਕਾਰਵਾਈ ਬਾਅਦ ਵਿੱਚ ਦੇਖ ਲਵਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

PERSONAL EXPLANATION

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ(ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਮੈਂ ਆਪਣੀ ਪੁਜ਼ੀਸ਼ਨ ਐਕਸਪਲੇਨ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਲਫ਼ਜ਼ ਮੇਰੇ ਵੱਲੋਂ ਕਹੇ ਗਏ ਹਨ, ਜੇਕਰ ਇਹ ਮਹਿਸੂਸ ਕਰਦੇ ਹਨ... (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਉਨ੍ਹਾਂ ਦੀ ਐਕਸਪਲੇਨੇਸ਼ਨ ਤਾਂ ਸੁਣ ਲਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਜਿਹੜੇ ਲਫ਼ਜ਼ਾਂ ਬਾਰੇ ਇਹ ਕਹਿੰਦੇ ਹਨ, ਮੈਂ ਇਹ ਵਾਪਸ ਲੈਂਦਾ ਹਾਂ। ਮੈਂ ਐਕਸਪਲੇਨ ਕਰਨਾ ਚਾਹੁੰਦਾ ਹਾਂ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਦੇ ਹਿਤਾਂ ਲਈ ਲੜਨ ਵਾਲੇ ਸਾਰਿਆਂ ਨੂੰ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਲਫ਼ਜ਼ ਨਾਲ ਨਿਵਾਜਿਆ ਜਾਂਦਾ ਸੀ। ਮੈਂ ਸਪੀਕਰ ਸਾਹਿਬ, ਇਹ ਸਾਰੇ ਲਫ਼ਜ਼ ਵਾਪਸ ਲੈਂਦਾ ਹਾਂ। ਜੇਕਰ

** Not recorded as ordered by the Chair.

ਇਹ ਲਫ਼ਜ਼ ਇਨ੍ਹਾਂ ਨੂੰ ਚੁਭਿਆ ਹੈ ਤਾਂ ਮੈਂ ਸਦਨ ਕੋਲੋਂ ਇਸ ਦੀ ਮਾਫ਼ੀ ਵੀ ਮੰਗਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਉਨ੍ਹਾਂ ਨੇ ਮੁਆਫ਼ੀ ਮੰਗ ਲਈ ਹੈ। ਇਸ ਤੋਂ ਵੱਡੀ ਹੋਰ ਕੀ ਗੱਲ ਹੋ ਸਕਦੀ ਹੈ? (ਸ਼ੋਰ, ਵਿਘਨ) ਮੈਂ ਸਾਰੇ ਲਫ਼ਜ਼ ਐਕਸਪੰਜ ਕਰ ਦਿੱਤੇ ਹਨ ਅਤੇ ਉਨ੍ਹਾਂ ਨੇ ਮਾਫ਼ੀ ਵੀ ਮੰਗ ਲਈ ਹੈ।(ਸ਼ੋਰ, ਵਿਘਨ) ਮੈਂ ਬਿਜ਼ਨਸ ਵੀ ਖ਼ਤਮ ਕਰਨਾ ਹੈ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਉਹ ਇਸ ਗੱਲ ਦਾ ਜਵਾਬ ਦੇਣਾ ਚਾਹੁੰਣ ਤਾਂ ਜਵਾਬ ਦੇ ਦੇਣ। (ਵਿਘਨ) (ਸ਼ੋਰ)

NO-CONFIDENCE MOTION *(Resumption)*

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੋਰ) ਇਕ ਅਹਿਮ ਮੁੱਦੇ ਤੇ ਮੈਨੂੰ ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਇਹੋ ਜਿਹੇ ਸੰਗੀਨ ਮੁੱਦੇ ਤੇ, ਇਹੋ ਜਿਹੇ ਸੀਰੀਅਸ ਮੁੱਦੇ ਤੇ, ਇਨ੍ਹਾਂ ਦੀ ਵਾਰੀ ਵੀ ਵੇਖ ਲਵੋ, ਜੇ ਕਿਸੇ ਮੈਂਬਰ ਨੇ ਕਦੇ ਕੋਈ ਗਲਤ ਗੱਲ ਕੀਤੀ ਹੋਵੇ । ਜੋ ਕਿਸੇ ਨੂੰ ਠੀਕ ਨਹੀਂ ਲੱਗੀ ਤਾਂ ਉਸ ਨੇ ਆ ਕੇ ਆਪਣੇ ਸ਼ਬਦ ਵਾਪਸ ਲੈ ਲਏ, ਮੈਨੂੰ ਬੜਾ ਅਫਸੋਸ ਹੈ ਕਿ ਅੱਜ ਤੁਸੀਂ ਡਿਬੇਟ ਤੋਂ ਭੱਜ ਰਹੇ ਹੋ। ਮੈਂ ਇਕੱਲਾ ਹੀ ਸਵਾ ਲੱਖ ਹਾਂ। ਮੈਂ ਇਕੱਲਾ ਹੀ ਇਨ੍ਹਾਂ ਲਈ ਵਾਧੂ ਹਾਂ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਸ਼੍ਰੀ ਰਜਨੀਸ਼ ਕੁਮਾਰ, ਅਜ਼ਾਦ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਰਕੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

** Not recorded as ordered by the Chair.

[ਮਾਲ ਤੇ ਮੁੜ ਵਸੇਬਾ ਮੰਤਰੀ]

ਸਪੀਕਰ ਸਾਹਿਬ, ਜਦੋਂ ਕਿਸੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਉਸ ਨੂੰ ਵੀ ਪੁੱਛਿਆ ਜਾਂਦਾ ਹੈ ਕਿ ਤੇਰੀ ਆਖਰੀ ਖਾਹਿਸ਼ ਕੀ ਹੈ। ਸਪੀਕਰ ਸਾਹਿਬ, ਮੈਂ ਆਪਣੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਜਾਖੜ ਸਾਹਿਬ ਕਹਿੰਦੇ ਸੀ ਕਿ ਅਸੀਂ ਸਿਆਣੇ ਬੜੇ ਹਾਂ। ਇਹ ਕਿਹੜੀ ਸਿਆਣਪ ਹੈ? ਇਹ ਕਿਹੜੀ ਸੂਝਵਾਨਤਾ ਤੁਸੀਂ ਦਿਖਾ ਰਹੇ ਹੋ ? ਇਹ ਵੇਖ ਲਵੋ। ਇੰਨੇ ਪੜ੍ਹੇ-ਲਿਖੇ ਲੋਕ ਇਹ ਹਨ। ਅੱਜ ਮਹਾਰਾਣੀ ਪਰਨੀਤ ਕੌਰ ਜੀ ਇਸ ਸਦਨ ਵਿੱਚ ਆਏ ਹਨ। ਇਹ ਮਹਿਸੂਸ ਕਰਦੇ ਹੋਣਗੇ ਕਿ ਮੈਂ ਕਿੱਥੇ ਜੰਗਲ ਵਿੱਚ ਆ ਗਈ ਹਾਂ। ਇਸ ਤਰ੍ਹਾਂ ਨਾ ਕਰੋ। ਥੋੜ੍ਹੇ ਜਿਹੀ ਠਰ੍ਹੰਮੇ ਨਾਲ ਬੈਠ ਕੇ ਗੱਲ ਸੁਣਨ ਦੀ ਕੋਸ਼ਿਸ਼ ਕਰੋ। ਸਪੀਕਰ ਸਾਹਿਬ, ਮੈਂ ਜਾਖੜ ਜੀ ਤੋਂ ਪੁੱਛਣਾ ਚਾਹੁੰਦਾ ਹਾਂ। **Jakhar Sahib, I want to ask you the first question, What is the accusation against me ? I want to know, Jakhar Sahib, if you can be kind enough to let me know.** ਸਪੀਕਰ ਸਾਹਿਬ, ਦੇਖੋ ਤੁਹਾਡੇ ਬੰਦੇ ਖੁਸ਼ ਹੋ ਜਾਣ, ਇਹ ਤਾੜੀ ਮਾਰਨ ਲੱਗ ਪਏ ਹਨ। ਸਪੀਕਰ ਸਾਹਿਬ, ਮੇਰੀ ਗੱਲ ਨਾਲ ਤਾਂ ਇਨ੍ਹਾਂ ਦੀ ਸਹਿਮਤੀ ਹੋ ਗਈ ਪਰ ਜ਼ੁਰਮ ਤਾਂ ਦੱਸੋ? ਜੁਰਮ ਲਈ ਕਿਹੜਾ ਕਾਨੂੰਨ ਲਾਗੂ ਹੁੰਦਾ ਹੈ? ਕਾਨੂੰਨ ਦੀਆਂ ਕਿਤਾਬਾਂ ਵਿਚੋਂ ਪੁਆਇੰਟ ਲਿਆ ਕੇ ਸਾਨੂੰ ਸਮਝਾਉ ? ਇਹ ਪੜ੍ਹੇ ਲਿਖੇ ਸੱਜਣ ਸਾਨੂੰ ਦੱਸਣ ਤਾਂ ਕਿ ਅਸੀਂ ਵੀ ਅਗਾਂਹ ਨੂੰ ਸਿਆਣੇ ਹੋ ਕੇ ਚੱਲੀਏ। ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਨੂੰ ਜਾਣਨਾ ਜੁਰਮ ਹੈ? ਇਹ ਕਿਹੜੇ ਕਾਨੂੰਨ ਦੀ ਕਿਹੜੀ ਧਾਰਾ ਵਿੱਚ ਲਿਖਿਆ ਹੋਇਆ ਹੈ ਕਿ ਜੇ ਤੁਸੀਂ ਫਲਾਣੇ ਵਿਅਕਤੀ ਨੂੰ ਜਾਣਦੇ ਹੋ ਤਾਂ ਤੁਸੀਂ ਜੁਰਮ ਦੇ ਭਾਗੀਦਾਰ ਹੋ ਗਏ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ। ਰਾਣਾ ਜੀ, ਮੈਂ ਅਰਦਾਸ ਕਰਦਾ ਹਾਂ ਕੱਲ੍ਹ ਨੂੰ ਰੱਬ ਨਾ ਕਰੇ ਕਿ ਇਹੋ ਜਿਹਾ ਕੰਮ ਹੋਵੇ ਕਿ ਤੁਹਾਡੀ ਗੱਡੀ ਥੱਲੇ ਆ ਕੇ ਕਿਸੇ ਦੀ ਮੌਤ ਹੋ ਜਾਵੇ ਪਰ ਜੇਕਰ ਇਹੋ ਜਿਹੀ ਘਟਨਾ ਵਾਪਰਦੀ ਹੈ ਤਾਂ ਕੀ ਉਸ ਦੇ ਲਈ ਜ਼ਿੰਮੇਵਾਰ ਡਰਾਈਵਰ ਹੁੰਦਾ ਹੈ ਜਾਂ ਗੱਡੀਆਂ ਵਿੱਚ ਬੈਠੀਆਂ ਪੰਜੇ ਸਵਾਰੀਆਂ ਹੋ ਜਾਣਗੀਆਂ? ਸਪੀਕਰ ਸਾਹਿਬ, ਕਾਨੂੰਨ ਬੜਾ ਸਿੱਧਾ ਹੈ। ਕਾਨੂੰਨ ਦੀ ਪਰਿਭਾਸ਼ਾ ਨੂੰ ਪੜ੍ਹੋ। (ਵਿਘਨ) (ਸ਼ੋਰ) ਮੈਂ ਸਮਝਦਾ ਹਾਂ ਕਿ ਜਿਹੜੇ ਆਪਣੇ ਆਪ ਨੂੰ ਸਿਆਣੇ ਕਹਾਉਂਦੇ ਹਨ, ਜਿਹੜੇ ਆਪਣੇ ਆਪ ਨੂੰ ਪੜ੍ਹੇ-ਲਿਖੇ ਕਹਾਉਂਦੇ ਹਨ, ਜਿਹੜੇ ਆਪਣੇ ਆਪ ਨੂੰ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਜ਼ਿੰਮੇਵਾਰ ਕਹਾਉਂਦੇ ਹਨ, ਫਿਰ ਉਨ੍ਹਾਂ ਨੂੰ ਜ਼ਿੰਮੇਵਾਰੀ ਵਾਲਾ ਰਵੱਈਆ ਵੀ ਜ਼ਰੂਰ ਦਿਖਾਉਣਾ ਪਵੇਗਾ। (ਵਿਘਨ) (ਸ਼ੋਰ) ਸਪੀਕਰ

ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਪਿਛਲੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਜਾਖੜ ਸਾਹਿਬ ਦੀ ਇਹ ਸਪੀਚ ਸੀ, ਮੈਂ ਉਸ ਵਿੱਚੋਂ ਕੁਝ ਰੈਲੇਵੈਂਟ ਗੱਲਾਂ ਪੜ੍ਹਾਂਗਾ, ਜੇਕਰ ਆਪ ਜੀ ਦੀ ਇਜ਼ਾਜ਼ਤ ਹੋਵੇ, I cannot accused him for doing something. ਮੈਂ ਉਸ ਦਿਨ ਵੀ ਇਹੋ ਕਿਹਾ ਸੀ ਅਤੇ ਅੱਜ ਵੀ ਉਸੇ ਗੱਲ ਤੇ ਖੜ੍ਹਾ ਹਾਂ ਕਿ I am of the firm opinion. (interruption) I have to face the music. (ਵਿਘਨ) (ਸ਼ੋਰ)

ਹਮ ਤੋ ਲੁਟ ਗਏ ਤੇਰੇ ਪਿਆਰ ਮੇਂ ਪਰ ਤੇਰੇ ਕੋ ਖਬਰ ਨਾ ਹੋਈ।

ਸਪੀਕਰ ਸਾਹਿਬ, ਫਿਰ ਜਾਖੜ ਸਾਹਿਬ ਅੱਗੇ ਕਹਿੰਦੇ ਹਨ ਕਿ heinous ਕਰਾਈਮ ਵਾਲਾ ਬੰਦਾ ਪ੍ਰੈਸ ਕਾਨਫਰੰਸ ਕਰਦਾ ਹੈ ਅਤੇ ਸਾਰੇ ਜਰਨਲਿਸਟਾਂ ਨੂੰ ਫੋਨ ਗਏ ਸੀ ਕਿ ਪ੍ਰੈਸ ਕਾਨਫਰੰਸ ਹੋਣ ਲੱਗੀ ਹੈ। ਉਸ ਦੀ ਤੁਸੀਂ ਪੜਤਾਲ ਕਰ ਲਓ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਫੋਟੋ ਲਹਿਰਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸਪੀਕਰ ਸਾਹਿਬ, ਇਹ ਫੋਟੋ ਵਿਖਾ ਰਹੇ ਹਨ । ਮੈਂ ਵੀ ਫੋਟੋ ਵਿਖਾਉਣੀ ਚਾਹੁੰਦਾ ਹਾਂ ਕਿਉਂਕਿ ਫੋਟੋ ਦੀ ਗੱਲ ਚੱਲੀ ਹੈ। (ਫੋਟੋ ਦਿਖਾਉਂਦੇ ਹੋਏ) ਕੀ ਇਹ ਫੋਟੋ ਪਹਿਚਾਣਦੇ ਹੋ ? ਰਾਜਾ ਜੀ, ਤੁਹਾਡੀ ਵੀ ਫੋਟੋ ਆਈ ਸੀ ਪਰ ਕਿਸੇ ਨਾਲ ਫੋਟੋ ਆ ਜਾਣ ਨਾਲ ਕੋਈ ਦੋਸ਼ੀ ਨਹੀਂ ਬਣ ਜਾਂਦਾ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਹ ਸਪਸ਼ਟ ਤੌਰ ਤੇ ਦੇਖਣ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਡਬਲ ਸਟੈਂਡਰਡ, ਦੋਹਰੇ ਮਾਪਦੰਡ ਅਪਣਾ ਰਹੀ ਹੈ। ਸਪੀਕਰ ਸਾਹਿਬ, ਜੇ ** ** ਅਤੇ ** ** ਨੂੰ ਜੇ ਸੰਮਨ ਹੋਣ ਅਤੇ 2000 ਕਰੋੜ ਦੇ ਘਪਲੇ ਵਿਚ ਤੁਹਾਡੀ ** ** ਨੂੰ ਅਤੇ ਤੁਹਾਡੇ ** ** ਨੂੰ ਸੰਮਨ ਹੋਣ ਤਾਂ ਕੀ ...(ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦੀ ਹਾਊਸ ਵਿੱਚ ਚੇਅਰ ਵੱਲ ਪਿੱਠ ਕਰਕੇ ਫੋਟੋਆਂ ਲਹਿਰਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

** Expunged as ordered by the Chair.

ਮਾਨਯੋਗ ਸਪੀਕਰ : ਪਲੀਜ਼ ਚੇਅਰ ਵੱਲ ਬੈਕ ਨਾ ਕਰੋ। Please go to your seats. (Interruptions)

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਕੀ ਜਾਖੜ ਸਾਹਿਬ ਉਨ੍ਹਾਂ ਦਾ ਅਸਤੀਫਾ ਮੰਗਣਗੇ? ਅਭਿਨਵ ਸਿੰਘਵੀ ਜੀ ਕਹਿੰਦੇ ਹਨ Issuance of process. ਸਪੀਕਰ ਸਾਹਿਬ, ਜੇ ਆਗਿਆ ਹੋਵੇ ਤਾਂ ਮੈਂ ਪੜ੍ਹ ਕੇ ਸੁਣਾ ਦੇਵਾਂ। ਕੋਰਟ ਨੇ ਸੰਮਨ ਕੱਢੇ The complaint has established the prima-facie case against the accused under Section 403-dishonest, misappropriation of property, under Section 406-Criminal breach of trust, 420-Cheating and read with section 120B-Criminal conspiracy of IPC. ਅੱਗੇ ਜੱਜ ਸਾਹਿਬ ਲਿਖਦੇ ਹਨ ਕਿ let the accused Sonia Gandhi, Rahul Gandhi, Moti Lal Vohra and Oscar Fernandez, Suman Dubey and Sem Petroda to be summoned for 7th August, 2014. ਸਪੀਕਰ ਸਾਹਿਬ, ਅੱਗੇ ਸਿੰਘਵੀ ਜੀ ਕੀ ਕਹਿੰਦੇ ਹਨ ਕਿ Issuance of process is not something to be excited about. Let us seek comprehensive legal advice and you will see how all allegations are legally demolished. ਹੋਰਾਂ ਲਈ ਕਾਨੂੰਨ ਵੱਖਰੇ ਹਨ ਅਤੇ ਮੇਰੇ ਲਈ ਕਾਨੂੰਨ ਵੱਖਰੇ ਹਨ। ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਜਿਹੜੀ ਆਨ ਦੀ ਫਲੋਰ ਆਫ ਦੀ ਹਾਊਸ ਗੱਲ ਕੀਤੀ ਸੀ, ਮੈਂ ਜਾਖੜ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ do you have faith in the judicial system, yes or no ? ਇਹ ਕਹਿੰਦੇ ਹਨ ਕਿ ** ** ਦਾ ਕੋਰਟ ਵਿਚ ਕੇਸ ਗਿਆ ਸੀ। ਸਪੀਕਰ ਸਾਹਿਬ, ਇੱਕ ਬੰਦੇ ਦੀ ਉਦਾਹਰਣ ਦੇ ਦਿੰਦੇ ਹਨ, ਦੂਜੇ ਦੀ ਨਹੀਂ । ਜੇ ** ** ਦਾ ਕੇਸ ਕੋਰਟ ਵਿੱਚ ਗਿਆ ਤਾਂ ਹੋਰ ਵੀ ਕਈ ਕੇਸ ਕੋਰਟ ਵਿੱਚ ਗਏ ਹਨ ਜਿਥੇ ਲੋਕ ਬਰੀ ਹੋ ਕੇ ਆਏ ਹਨ। ਇਹ ਲੋਕਾਂ ਦਾ ਅਧਿਕਾਰ, ਰਾਈਟ ਹੋ ਸਕਦਾ ਹੈ । ਸਪੀਕਰ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਦੇ ਪੀ.ਪੀ.ਸੀ.ਸੀ ਪ੍ਰਧਾਨ ** ** ਵੀ ਦੋ ਕਿਸਮ ਦੇ ਹੁੰਦੇ ਹਨ, ਇੱਕ ਚੰਗਾ ** **, ਇੱਕ ਮਾੜਾ ** ** । ਕੇਸ ਵੀ ਦੋ ਕਿਸਮ ਦੇ ਹੁੰਦੇ ਹਨ ....

(ਇਸ ਸਮੇਂ ਆਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ

** Expunged as ordered by the Chair.

ਬਲਵਿੰਦਰ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਲ ਤੇ ਮੁੜ ਵਸੇਬਾ ਮੰਤਰੀ ਵੱਲ ਸਲੋਗਨ ਲਿਖੇ ਹੋਏ ਕੁਝ ਪੇਪਰ ਲਹਿਰਾ ਰਹੇ ਸਨ।)

ਮਾਲ ਤੇ ਮੁੜ ਵਸੇਬਾ ਮੰਤਰੀ : ਇਸ ਭਾਊ ਨੇ ਹਾਲੇ ਵੀ ਕਾਂਗਰਸ ਵਿੱਚ ਨਹੀਂ ਆਉਣਾ, ਇਸ ਨੇ ਹੋਰ ਥਾਂ ਲੰਘ ਜਾਣਾ ਹੈ, ਇਹ ਤੁਹਾਡੇ ਕੋਲ ਨਹੀਂ ਆਉਂਦਾ । ਇਹ ਤਾਂ ਬਾਈਪਾਸ ਹੈ, ਇਹ ਮਾਨ ਦਲ ਤੋਂ ਚੱਲਿਆ, ਅਕਾਲੀ ਦਲ ਵਿਚੋਂ ਗੁਜ਼ਰਿਆ, ਕਾਂਗਰਸ ਵਿਚੋਂ ਗੁਜ਼ਰ ਕੇ ਇਸ ਨੇ ਅੱਗੇ ਪਤਾ ਨਹੀਂ ਕਿੱਥੇ ਲੰਘ ਜਾਣਾ ਹੈ । ਚਲੋ ਛੱਡੋ ਇਨ੍ਹਾਂ ਦੀ ਗੱਲ, ਇਨ੍ਹਾਂ ਭਾਊਆਂ ਨੇ ਜੋ ਬੋਲਣਾ ਹੈ, ਉਹ ਬੋਲ ਲੈਣ। ਮੈਂ ਬੇਨਤੀ ਕਰਦਾ ਹਾਂ ਕਿ ** ** ਦੋ ਕਿਸਮ ਦੇ ਹੁੰਦੇ ਹਨ, ਇੱਕ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਚੰਗਾ ਬਾਜਵਾ, ਕਾਦੀਆਂ ਦਾ ਬਾਜਵਾ ਅਤੇ ** ** । ਸਰ, ਹਾਈ ਕੋਰਟ ਵਿੱਚ ਇਨ੍ਹਾਂ ਨੇ ਸੀ.ਬੀ.ਆਈ ਦੀ ਇਨਕੁਆਰੀ ਦੀ ਮੰਗ ਕੀਤੀ ਤੇ ਇਨ੍ਹਾਂ ਦੀ ਸੀ.ਬੀ.ਆਈ ਦੀ ਇਨਕੁਆਰੀ ਦੀ ਮੰਗ ਡਿਸਮਿਸ ਹੋਈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਚੇਅਰ ਵੱਲ ਪਿੱਠ ਕਰਕੇ ** ** ਨਾਅਰੇ ਲਗਾ ਰਹੇ ਸਨ।)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਚੇਅਰ ਵੱਲ ਪਿੱਠ ਨਾ ਕਰੋ।

ਮਾਲ ਤੇ ਮੁੜ ਵਸੇਬਾ ਮੰਤਰੀ : ** ** ਪਾਰਲੀਮੈਂਟ ਦੀ ਇਲੈਕਸ਼ਨ ਲੜੇ, ਪਾਰਲੀਮੈਂਟ ਦੀ ਇਲੈਕਸ਼ਨ ਵਿੱਚ ਕਹਿੰਦੇ ਸੀ ਕਿ.......

ਮਾਨਯੋਗ ਸਪੀਕਰ : ਜਿਹੜਾ ਸਦਨ ਵਿੱਚ ਹਾਜ਼ਰ ਨਹੀਂ ਹੈ, ਉਸ ਦਾ ਨਾਂ ਨਾਲ ਦੀ ਨਾਲ ਐਕਸਪੰਜ ਕਰ ਦੇਣਾ । (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ਮੇਰੇ ਤੇ ਜਿਹੜਾ ਅੱਜ ਵੋਟ ਪਾਏਗਾ ਜਿਹੜਾ ਅੱਜ ਦੇ ਐਮ.ਪੀ. ਨੂੰ ਵੋਟ ਪਾਏਗਾ, ਉਹ ਕੱਲ੍ਹ ਦੇ ਮੁੱਖ ਮੰਤਰੀ ਨੂੰ ਵੋਟ ਪਾਏਗਾ। ਕਾਦੀਆਂ ਵਿੱਚ ਇਹੀ ਕਹਿੰਦੇ ਸੀ ** **। ਜਦੋਂ ਲੋਕਾਂ ਨੇ ਵੋਟਾਂ ਪਾਈਆਂ। (ਵਿਘਨ) (ਸ਼ੋਰ) ਮੈਂ ਬੀਬੀ ਜੀ ਨੂੰ, ਸ਼੍ਰੀਮਤੀ ਬਾਜਵਾ ਜੀ ਨੂੰ ਵਧਾਈ ਦਿੰਦਾ ਹਾਂ, ਤੁਸੀਂ ਜਾਖੜ ਸਾਹਿਬ ਹੋਰਾਂ ਦੇ ਨਾਲ ਚਾਰ ਦਿਨ ਪਹਿਲਾਂ ਵੀ ਨਾਲ ਸੀ, ਜਦੋਂ ਸ਼ਿਕਾਇਤ ਲਾ ਕੇ ਆਏ ਹੋ ਕਿ ** ** ਕਾਂਗਰਸ ਬਚਾਓ। (ਵਿਘਨ) (ਸ਼ੋਰ)

** Expunged as ordered by the Chair.

Mr. Speaker : Please go to your seats.

ਮਾਲ ਤੇ ਮੁੜ ਵਸੇਬਾ ਮੰਤਰੀ : ਤੁਹਾਡੀ ਸਾਰੀ ਪਾਰਟੀ ਇਹ ਨਾਅਰਾ ਲਗਾਉਂਦੀ ਹੈ ਕਿ ਤੁਹਾਡੇ ਸੀਨੀਅਰ ਲੀਡਰ, ਤੁਹਾਡੇ ਪੀ.ਪੀ.ਸੀ.ਸੀ. ਵਾਲੇ ਕੀ ਕਹਿੰਦੇ ਹਨ, ** ** ਸਪੀਕਰ ਸਾਹਿਬ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ । (ਵਿਘਨ) (ਸ਼ੋਰ) ਬੀਬੀ ਜੀ, ਮੈਂ ਤੁਹਾਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ I personally congratulate you ਕਿ ਇਨ੍ਹਾਂ ਕੋਲੋਂ ** **ਨਹੀਂ ਹਟਾਇਆ ਗਿਆ । ਰਾਣਾ ਜੀ, ਤੁਹਾਡੇ ਕੋਲੋਂ ** ** ਨਹੀਂ ਹਟਾਇਆ ਗਿਆ। ** ** ਮੈਂ ਵਧਾਈ ਦਿੰਦਾ ਹਾਂ ਕਿ ਪਾਰਲੀਮੈਂਟਰੀ ਇਲੈਕਸ਼ਨ ਵਿੱਚ ਰਿਜ਼ਲਟ ਦਿੱਤਾ, ਪਾਰਲੀਮੈਂਟ ਦੀ ਇਲੈਕਸ਼ਨ ਵਿੱਚ ** ** ਤੇ ਬੀਬੀ ਜੀ ਨੇ ਉਲਟ ਵੋਟ ਪਾ ਕੇ ਇਹ ਸਿੱਧ ਕਰ ਦਿੱਤਾ ਕਿ ** ** ਹੈ ਤੇ ਮੈਂ ਇਸ ਦੇ ਉਲਟ ਕਪਤਾਨ ਸਾਹਿਬ ਦੇ ਨਾਲ ਹਾਂ । ਮੈਂ ਬੀਬੀ ਜੀ, ਤੁਹਾਡੀ ਇਸ ਗੱਲ ਦੀ ਕਦਰ ਕਰਦਾ ਹਾਂ । (ਵਿਘਨ) (ਸ਼ੋਰ) ਬੀਬੀ ਜੀ, ਮੈਂ ਦੂਹਰੇ ਮਾਪਦੰਡ ਦੀ ਗੱਲ ਕਰਦਾ ਸੀ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ....(ਵਿਘਨ) (ਸ਼ੋਰ) ਲਓ ਮੈਂ ਗੱਲ ਹੀ ਮੁਕਾ ਦਿੰਦਾ ਹਾਂ। ਦੋ ਮਿੰਟ ਵਿੱਚ ਗੱਲ ਮੁਕਾ ਦਿੰਦਾ ਹਾਂ । ਪਤੇ ਦੀ ਗੱਲ ਤੇ ਆਉਣ ਲੱਗਾ ਹਾਂ । ਕੀ ਅੱਜ ਕਾਂਗਰਸ ਇੰਨੀ ਕਮਜ਼ੋਰ ਹੋ ਗਈ ਹੈ? ਕੀ ਅੱਜ ਕਾਂਗਰਸ ਇੰਨੀ ਦਿਸ਼ਾਹੀਣ ਹੋ ਗਈ ਹੈ ? ਕੀ ਅੱਜ ਕਾਂਗਰਸ ਇੰਨੀ ਮੁੱਦਾਹੀਣ ਹੋ ਗਈ ਹੈ ਕਿ ਤੁਸੀਂ ਨੈਚੁਰਲ ਜਸਟਿਸ ਨੂੰ ਵੀ ਅੱਗੇ ਆਉਣ ਨਹੀਂ ਦੇਣਾ ਚਾਹੁੰਦੇ ? ਸਪੀਕਰ ਸਾਹਿਬ, ਜਾਖੜ ਸਾਹਿਬ ਨੂੰ ਮੇਰਾ ਸਵਾਲ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੈਨੂੰ ਕਹਿੰਦੇ ਜੀ ਸੰਮਨ ਹੋਏ ਹਨ, Speaker Sahib let me set the record straight. ਮੈਨੂੰ ਸੰਮਨ ਕਿਵੇਂ ਹੋਏ ਹਨ, not a ** ** as an accused. ਮੈਨੂੰ ਸੰਮਨ ਹੋਏ ਹਨ as a witness ਔਰ ਮੇਰੇ ਖਿਲਾਫ ਕੋਈ ਕੇਸ ਨਹੀਂ । ਕੇਸ ਹੈ, ਕਿਸੇ ਹੋਰ ਬੰਦੇ ਦੇ ਖਿਲਾਫ ਤੇ ਮੈਨੂੰ ਦੱਸਣ ਕਿ ਕੀ ਕਦੇ ਇਨ੍ਹਾਂ ਨੇ ** **, ** ** ਅਤੇ ** ** ਦਾ ਅਸਤੀਫਾ ਮੰਗਿਆ ਹੈ? (ਵਿਘਨ) (ਸ਼ੋਰ) ਇਹ ਡਬਲ ਸਟੈਂਡਰਡ ਕਿਉਂ ਹਨ? ਇਹ ਦੋਹਰੇ ਮਾਪਦੰਡ ਕਿਉਂ ਹੋ ਰਹੇ ਹਨ? ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਸਪੀਕਰ ਸਾਹਿਬ, with a very heavy heart, ਮੈਂ ਇਹ ਗੱਲ ਕਰਦਾ ਹਾਂ ਕਿ ਅੱਜ ਮੈਨੂੰ ਜੇ ਕਿਸੇ ਏਜੰਸੀ ਨੇ ਬੁਲਾਇਆ ਹੈ then I will fully cooperate. ਉਨ੍ਹਾਂ ਨੇ ਮੇਰੀ ਮਦਦ ਮੰਗੀ ਹੈ । (ਵਿਘਨ) (ਸ਼ੋਰ)

** Expunged as ordered by the Chair.

SHORT ADJOURNMENT OF THE HOUSE

ਮਾਨਯੋਗ ਸਪੀਕਰ : ਹੁਣ ਸਦਨ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*1.21 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*2.00 ਵਜੇ ਬਾਅਦ ਦੁਪਹਿਰ (ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਨੇ ਚੇਅਰ ਦੇ ਸਾਹਮਣੇ ਖੜ੍ਹੇ ਹੋ ਕੇ ** ** ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ।)

NO-CONFIDENCE MOTION *(Resumption)*

ਮਾਨਯੋਗ ਸਪੀਕਰ : ਮਜੀਠੀਆ ਜੀ, ਤੁਸੀਂ ਕੇਵਲ ਇੱਕ ਮਿੰਟ ਵਿਚ ਕਨਕਲੂਡ ਕਰੋ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਗੁਰਬਾਣੀ distort ਕੀਤੀ ਨਹੀਂ । (ਵਿਘਨ) (ਸ਼ੋਰ) ਇਹ ਕਿਸੇ ਪੁਰਾਣੇ ਕਵੀ ਦੀ ਪੰਕਤੀ ਹੈ । ਇਨ੍ਹਾਂ ਦਾ ਰੌਲਾ ਇਹ ਹੈ ਕਿ ਇਹ ਇੱਕ ਲਫਜ਼ ਦੀ ਗੱਲ ਕਰਦੇ ਹਨ । ਪੰਕਤੀ ਇਹ ਹੈ ਕਿ :

ਸਵਾ ਲਾਖ ਸੇ ਏਕ ਲੜਾਉਂ ।। ਤਬੈ ਗੋਬਿੰਦ ਸਿੰਘ ਨਾਮ ਕਹਾਊਂ ।।

(ਵਿਘਨ) (ਸ਼ੋਰ) ਮੈਂ ਜਾਖੜ ਸਾਹਿਬ, ਇਕੋ ਗੱਲ ਕਹਿ ਕੇ ਸਮਾਪਤ ਕਰਦਾ ਹਾਂ। ਤੁਹਾਡੇ ਹਾਲਾਤ ਵੇਖ ਲਵੋ, ਤੁਹਾਡਾ ਆਲਮ ਵੇਖ ਲਵੋ। ਤੁਸੀਂ ਨਸ਼ਿਆਂ ਤੋਂ ਚੱਲੇ, ਡਿੱਗੇ ਕਿੱਥੇ, ਕੀ ਹਾਲਾਤ ਬਣ ਗਏ ਹਨ। (ਵਿਘਨ) (ਸ਼ੋਰ) ਜਾਖੜ ਸਾਹਿਬ, ਹੁਣ ਸੁਣ ਤਾਂ ਲਵੋ। ਤੁਸੀਂ ਕਿਉਂ ਇਨ੍ਹਾਂ ਵਿੱਚ ਆਉਂਦੇ ਹੋ? ਕਿਉਂ ** ** ਵਾਲੀ ਨੀਤੀ (ਵਿਘਨ) (ਸ਼ੋਰ) ਜਾਖੜ ਸਾਹਿਬ, ਚੰਗੇ ਬਾਜਵੇ ਵੀ ਹੋਏ ਹਨ ਜਿਵੇਂ ਕਾਦੀਆਂ ਵਾਲੇ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ। ਦੋ ਕਿਸਮ ਦੇ ਬਾਜਵੇ ਹੁੰਦੇ ਹਨ। ਉਦੋਂ ਤਾਂ ਤੁਸੀਂ ਵੀ ਕਹਿੰਦੇ ਸੀ ਕਿ ਕਾਂਗਰਸ ਨੂੰ ਬਚਾਉ, ** ** ਕਦੇ ਉਨ੍ਹਾਂ ਦੇ ਭਾਰ ਨਾਲ ਕਾਂਗਰਸ ਨਾ ਮਰ ਜਾਵੇ। ਦਿੱਲੀ ਜਾ ਕੇ ਤੁਸੀਂ ਸਾਰੇ ਕਹਿ ਕੇ ਆਏ ਹੋ। ਮੈਂ ਤਾਂ ਸਹਿਮਤ ਹਾਂ। ਤੁਹਾਡੇ ਕੈਪਟਨ ਸਾਹਿਬ ਕਹਿੰਦੇ ਹਨ

** Expunged as ordered by the Chair.

| ਮਾਲ ਤੇ ਮੁੜ ਵਸੇਬਾ ਮੰਤਰੀ |

** ** ਇਹੀ ਕਿਹਾ ਸੀ ਪ੍ਰੰਤੂ ਤੁਹਾਡਾ ਆਬਜ਼ਰਵਰ ਆ ਕੇ ਕਹਿੰਦਾ ਹੈ ਕਿ ** ** ਉਹ ਸਾਡਾ ਕਾਂਗਰਸ ਪਾਰਟੀ ਦਾ ਪੰਜਾਬ ਦਾ ਪ੍ਰਧਾਨ ਹੈ। ਚਲੋ, ਇਹ ਤੁਹਾਡੇ ਹਾਲਾਤ ਹਨ।

ਬੁਲੰਦੀ ਸੇ ਗੁਜ਼ਰਾ ਹੂੰ, ਬਸਤੀ ਸੇ ਗੁਜ਼ਰਾ ਹੂੰ,
ਜਹਾਂ ਸੇ ਗੁਜ਼ਰਾ ਹੂੰ, ਬੜੀ ਮਸਤੀ ਸੇ ਗੁਜ਼ਰਾ ਹੂੰ।

ਸਪੀਕਰ ਸਾਹਿਬ, ਮੈਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿੱਦਾਂ ਮਰਜ਼ੀ ਚਲਦਾ ਰਹੇ ਪਰ ਇਹ ਜੁਡੀਸ਼ੀਅਲ ਸਿਸਟਮ ਹੈ। ਇਹ ਭਾਵੇਂ ਵਿਸ਼ਵਾਸ ਨਾ ਰੱਖਣ। ਪੰਜ ਏਜੰਸੀਆਂ ਨੇ ਕਾਂਗਰਸ ਦੇ ਸਮੇਂ ਵਿੱਚ ਇਨਵੈਸਟੀਗੇਸ਼ਨ ਕੀਤੀ ਹੈ। (..ਵਿਘਨ..) ਉਦੋਂ ਕੀ ** ** ਨੇ ਮੇਰੀ ਮਦਦ ਕੀਤੀ ਸੀ? ਉਦੋਂ ਕੀ ** ** ਨੇ ਮੇਰੀ ਮਦਦ ਕੀਤੀ ਸੀ? ਉਦੋਂ ਤਾਂ ਕੁਝ ਨਹੀਂ ਬੋਲੇ। ਅੱਜ ਜਦੋਂ ਹਰ ਗੱਲ ਤੇ ਹੀ .... (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ, ਸ਼੍ਰੀ ਰਜਨੀਸ਼ ਕੁਮਾਰ ਚੇਅਰ ਦੇ ਸਾਹਮਣੇ ਖੜ੍ਹੇ ਹੋ ਕੇ *** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

Mr. Speaker : Please conclude now. (Interruption)

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਅੱਜ ਇਹ ਸੀਰੀਅਸ ਮਤੇ ਨਾਲ ਖਿਲਵਾੜ ਨਾ ਕਰਨ। ਮੈਨੂੰ ਅੱਜ ਸਮਝ ਆ ਰਹੀ ਹੈ ਕਿ ਅੱਜ ਕਾਂਗਰਸ ਪਾਰਟੀ ਇੰਨੀ ਕਮਜ਼ੋਰ ਹੋ ਚੁੱਕੀ ਹੈ ਕਿ ਆਪਣੀਆਂ ਲੱਤਾਂ ਤੇ ਵੀ ਨਹੀਂ ਖੜ੍ਹ ਸਕਦੀ। ਇਹ ਅੱਜ ਇਹੋ ਜਿਹੀ ਘਟੀਆ ਰਾਜਨੀਤੀ ਨਾ ਕਰਨ, ਘਟੀਆ ਪਾਲੇਟਿਕਸ ਨਾ ਕਰਨ। ਬਹੁਤ ਬਹੁਤ ਧੰਨਵਾਦ ।

ਮਾਨਯੋਗ ਸਪੀਕਰ : ਸੀ.ਐਮ. ਸਾਹਿਬ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਤਿਕਾਰਯੋਗ ਸਪੀਕਰ ਸਾਹਿਬ, ਤੁਸੀਂ ਆਪ ਮਹਿਸੂਸ ਕਰਦੇ ਹੋਵੋਗੇ ਕਿ ਮੈਂ ਇਨ੍ਹਾਂ ਹਾਲਾਤ ਵਿੱਚ, ਜਿਸ ਤਰ੍ਹਾਂ ਦੇ ਹਾਲਾਤ ਮੇਰੇ ਭਰਾਵਾਂ ਨੇ ਬਣਾਏ ਹਨ। ਮੈਂ ਕਿਵੇਂ..... (ਸ਼ੋਰ) (ਵਿਘਨ)

** Expunged/Not recorded as ordered by the Chair.

(ਇੱਕ ਆਵਾਜ਼ : ਆਜ਼ਾਦ ਮੈਂਬਰਾਂ ਨੂੰ ਟਾਈਮ ਨਹੀਂ ਦਿੱਤਾ।)

ਤੁਸੀਂ ਸੁਣਨ ਤਾਂ ਕਿਸੇ ਨੂੰ ਦਿੰਦੇ ਨਹੀਂ, ਟਾਈਮ ਕਿਸ ਨੂੰ ਦੇਈਏ। ਮੈਂ ਅਪੀਲ ਕਰਾਂਗਾ, ਸਾਰੇ ਬੋਲਣਗੇ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਕਰਦਾ ਹਾਂ ਕਿ ਇਕ ਗੱਲ ਹੋ ਗਈ ਹੈ ਅਤੇ ਮੁੱਕ ਗਈ ਹੈ। ਤੁਸੀਂ ਸਾਰੇ ਬੈਠੋ, ਬੀ.ਜੇ.ਪੀ. ਦੇ ਮੈਂਬਰ ਵੀ ਬੋਲਣ, ਅਜ਼ਾਦ ਮੈਂਬਰ ਵੀ ਬੋਲਣ ਅਤੇ ਮੈਂ ਵੀ ਬੋਲਾਂ। (ਸ਼ੋਰ) (ਵਿਘਨ) ਜਦੋਂ ਮੈਂ ਜਵਾਬ ਦੇਣਾ ਹੁੰਦਾ ਹੈ, ਉਦੋਂ ਤੁਸੀਂ ਕੋਈ ਨਾ ਕੋਈ ਬਹਾਨਾ ਬਣਾ ਕੇ ਜਾਂ ਤਾਂ ਤੁਸੀਂ ਵਾਕ-ਆਊਟ ਕਰ ਜਾਂਦੇ ਹੋ ਅਤੇ ਜਾਂ ਫਿਰ ਬੋਲਣਾ ਬੰਦ ਕਰ ਦਿੰਦੇ ਹੋ। ਹੁਣ ਸਾਡੇ ਕੋਲ ਕੀ ਚਾਰਾ ਹੈ । ਜਾਂ ਤਾਂ ਅਸੀਂ ਵੋਟਿੰਗ ਕਰਵਾ ਲਈਏ ਅਤੇ ਬੋਲੀਏ ਨਾ। (ਵਿਘਨ) (ਸ਼ੋਰ) ਮੈਂ ਵੀ ਕਿਹੜਾ ਹੁਣ ਸਪੀਚ ਦੇ ਸਕਦਾ ਹਾਂ। ਮੈਨੂੰ ਬਹੁਤ ਦੁੱਖ ਹੈ। ਅਸੀਂ ਲੀਡਰ ਆਫ ਦਿ ਅਪੋਜ਼ੀਸ਼ਨ ਦੀ ਗੱਲ ਬਹੁਤ ਧਿਆਨ ਨਾਲ ਸੁਣੀ ਹੈ। ਮੈਂ ਇਸੇ ਗੱਲ ਦਾ ਜਵਾਬ ਪੂਰੀ ਵਜਾਹਤ ਨਾਲ ਦੇਣਾ ਚਾਹੁੰਦਾ ਸੀ ਅਤੇ ਦੱਸਣਾ ਚਾਹੁੰਦਾ ਸੀ ਕਿ ਪੰਜਾਬ ਸਰਕਾਰ ਸਾਰੇ ਹਿੰਦੁਸਤਾਨ ਵਿਚੋਂ ਸਭ ਤੋਂ ਵੱਧ ਡਰੱਗਜ਼ ਦੇ ਖਿਲਾਫ ਕੰਮ ਕਰ ਰਹੀ ਹੈ। ਲੇਕਿਨ ਤੁਸੀਂ ਇਹੀ ਸਮਝਦੇ ਹੋ ਕਿ ਕੋਈ ਇਹੋ ਜਿਹਾ ਬਹਾਨਾ ਲੱਭੋ, ਜਿਸ ਨਾਲ ਮੈਂ ਆਪਣੀਆਂ ਗੱਲਾਂ ਵਜਾਹਤ ਨਾਲ ਨਾ ਕਰ ਸਕਾਂ। ਜਿਥੋਂ ਤੱਕ ਵਲਟੋਹਾ ਸਾਹਿਬ ਦਾ ਤੁਅੱਲਕ ਹੈ, ਉਨ੍ਹਾਂ ਨੇ ਮੁਆਫੀ ਵੀ ਮੰਗ ਲਈ ਹੈ, ਰਿਗਰੈਟ ਵੀ ਫੀਲ ਕਰ ਲਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ, ਸ਼੍ਰੀ ਰਜਨੀਸ਼ ਕੁਮਾਰ ਚੇਅਰ ਦੇ ਸਾਹਮਣੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

ਮੈਂ ਵੀ ਸਾਰਿਆਂ ਨੂੰ ਦੱਸਾਂਗਾ ਕਿ ਮੈਨੂੰ ਵੀ ਅਫਸੋਸ ਹੈ ਪਰ ਤੁਸੀਂ ਇੱਕ ਸਕੀਮ ਦੇ ਅਧੀਨ ਆਪਣਾ ਮਨ ਬਣਾਇਆ ਹੋਇਆ ਹੈ ਕਿ ਮੇਰੀ ਗੱਲ ਨਹੀਂ ਸੁਣਨੀ। ਹੁਣ ਨਾ ਕੋਈ ਬੀ.ਜੇ.ਪੀ. ਕੋਲ ਕੋਈ ਚਾਰਾ ਹੈ ਅਤੇ ਨਾ ਸਾਡੇ ਕੋਲ ਕੋਈ ਚਾਰਾ ਹੈ । ਇਸ ਉਤੇ ਅਸੀਂ ਵੋਟਿੰਗ ਕਰਵਾ ਲਈਏ । (ਵਿਘਨ) (ਸ਼ੋਰ) ਮੈਂ ਅਪੀਲ ਕਰਦਾ ਹਾਂ ਕਿ ਇਨ੍ਹਾਂ ਨੇ ਦੋਨੋਂ ਦਿਨ ਨਹੀਂ ਬੋਲਣਾ । ਤੁਸੀਂ ਇਸ ਨੋ ਕਾਨਫੀਡੈਂਸ ਮੋਸ਼ਨ ਤੇ ਵੋਟਿੰਗ ਕਰਵਾ ਲਓ, । ਮੈਂ ਇਸ ਹਾਲਾਤ ਵਿੱਚ ਹੋਰ ਕਿਹੜੀ ਲੰਬੀ ਚੌੜੀ ਗੱਲ ਕਰ ਸਕਦਾ ਹਾਂ । ਇਹੀ ਮੇਰੀ ਬੇਨਤੀ ਹੈ । (ਥੰਪਿੰਗ)

** Expunged as ordered by the Chair.

[ਮੁੱਖ ਮੰਤਰੀ]

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

Mr. Speaker : Question is -

"That this House expresses its no confidence in the present Council of Ministers headed by Sardar Parkash Singh Badal, Chief Minister, Punjab"

The motion was lost.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

CALLING ATTENTION NOTICES UNDER RULE 66

(ਕ੍ਰਮ ਨੰ. 1)

ਮਾਨਯੋਗ ਸਪੀਕਰ : ਅਗਲੀ ਆਈਟਮ। ਧਿਆਨ ਦਿਵਾਊ ਨੋਟਿਸ । ਸਰਦਾਰ ਦਰਸ਼ਨ ਸਿੰਘ ਕੋਟਫੱਤਾ ਜੀ ।

(ਇਸ ਸਮੇਂ ਸੰਬੰਧਿਤ ਮੈਂਬਰ ਧਿਆਨ ਦਿਵਾਊ ਮਤਾ ਪੇਸ਼ ਕਰਨ ਲਈ ਖੜ੍ਹੇ ਨਹੀਂ ਹੋਏ ।)

(ਕ੍ਰਮ ਨੰ. 2)

(ਇਸ ਸਮੇਂ ਸੰਬੰਧਿਤ ਮੈਂਬਰ ਧਿਆਨ ਦਿਵਾਊ ਮਤਾ ਪੇਸ਼ ਕਰਨ ਲਈ ਖੜ੍ਹੇ ਨਹੀਂ ਹੋਏ ।)

(ਕ੍ਰਮ ਨੰ. 3)

(ਇਸ ਸਮੇਂ ਸੰਬੰਧਿਤ ਮੈਂਬਰ ਧਿਆਨ ਦਿਵਾਊ ਮਤਾ ਪੇਸ਼ ਕਰਨ ਲਈ ਖੜ੍ਹੇ ਨਹੀਂ ਹੋਏ ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

PRESENTATION OF FOURTH INTERIM REPORT OF THE COMMITTEE OF PRIVILEGES

ਮਾਨਯੋਗ ਸਪੀਕਰ : ਅਗਲੀ ਆਈਟਮ । ਰਿਪੋਰਟ ਪੇਸ਼ ਕਰਨਾ ।

ਸਭਾਪਤੀ, ਵਿਸ਼ੇਸ਼ ਅਧਿਕਾਰ ਕਮੇਟੀ (ਸ਼੍ਰੀ ਦੀਪ ਮਲਹੋਤਰਾ) : ਸਪੀਕਰ ਸਾਹਿਬ, ਮੈਂ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਸੰਬੰਧੀ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ. ਐਲ. ਏ. ਅਤੇ ਵਿਰੋਧੀ ਧਿਰ ਦੇ ਨੇਤਾ ਦੇ ਵਿਰੁੱਧ ਸਦਨ ਦੀ ਬਰੀਚ ਆਫ ਪ੍ਰਿਵੇਲਿਜ ਅਤੇ ਬਰੀਚ ਆਫ ਸਿਕਿਓਰਟੀ ਦੀ ਉਠਾਏ ਗਏ ਮਾਮਲੇ ਦੀ ਚੌਥੀ ਮੁਢਲੀ ਰਿਪੋਰਟ ਪੇਸ਼ ਕਰਦਾ ਹਾਂ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

PAPERS RE-LAID/LAID ON THE TABLE OF THE HOUSE

ਮਾਨਯੋਗ ਸਪੀਕਰ : ਅਗਲੀ ਆਈਟਮ । ਮੇਜ਼ ਤੇ ਮੁੜ ਰੱਖੇ ਜਾਣ ਵਾਲੇ / ਰੱਖੇ ਗਏ ਕਾਗਜ਼-ਪੱਤਰ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਲੜੀ ਨੰ. 1 ਤੋਂ 10 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਮੁੜ

[ਸੰਸਦੀ ਮਾਮਲੇ ਮੰਤਰੀ]

ਰੱਖਦਾ / ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ :-

ਮੇਜ਼ ਤੇ ਮੁੜ ਰੱਖੇ ਜਾਣ ਵਾਲੇ ਕਾਗਜ਼-ਪੱਤਰ :

1.

I. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀਜ਼/ਇੰਪਲਾਇਰਜ਼ ਨੂੰ ਸਿੰਗਲ ਪੁਆਇੰਟ ਸਪਲਾਈ ਕਰਨਾ)(ਪਹਿਲੀ ਸੋਧਨਾ) ਵਿਨਿਯਮਨ, 2010;

II. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ)(ਪਹਿਲੀ ਸੋਧਨਾ) ਵਿਨਿਯਮਨ, 2010;

III. ਪੰਜਾਬ ਰਾਜ ਗ੍ਰਿਡ ਕੋਡ (ਪਹਿਲੀ ਸੋਧਨਾ), 2010;

IV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ)(ਤੀਜੀ ਸੋਧਨਾ) ਵਿਨਿਯਮਨ, 2010;

V. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ)ਵਿਨਿਯਮਨ, 2011;

VI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) ਵਿਨਿਯਮਨ, 2011;

VII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਦੂਜੀ ਸੋਧਨਾ) ਵਿਨਿਯਮਨ, 2012;

VIII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2012;

IX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਲਾਹਕਾਰਾਂ ਦੀ ਨਿਯੁਕਤੀ) ਵਿਨਿਯਮਨ, 2012;

X. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਪ੍ਰਕ੍ਰਿਆ ਵਿਚ ਸੋਧਨਾ ਸਬੰਧੀ ਅਤੇ ਅਧਿਸੂਚਨਾ

ਨੰਬਰ 61 ਮਿਤੀ 2.12.2012 ਰਾਹੀਂ ਅਧਿਸੂਚਿਤ ਅਤੇ ਅਧਿਸੂਚਨਾ ਨੰਬਰ 66 ਮਿਤੀ 30.3.2012 ਰਾਹੀਂ ਸੋਧਨਾ ਦੁਆਰਾ ਉਨ੍ਹਾਂ ਦੇ ਮੁਆਵਜ਼ੇ ਦੀ ਅਦਾਇਗੀ ਲਈ ਪ੍ਰਕ੍ਰਿਆ ਸਬੰਧੀ;

XI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) ਦੂਜੀ ਸੋਧਨਾ ਵਿਨਿਯਮਨ, 2012;

XII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲਾਇਸੈਂਸੀ ਦੁਆਰਾ ਬਿਜਲੀ ਦੀ ਖਰੀਦ ਅਤੇ ਪ੍ਰਾਪਤੀ ਦੀ ਪ੍ਰਕ੍ਰਿਆ) ਵਿਨਿਯਮਨ, 2012;

XIII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਚੌਥੀ ਸੋਧਨਾ) ਵਿਨਿਯਮਨ, 2012;

XIV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਦੂਜੀ ਸੋਧਨਾ) ਵਿਨਿਯਮਨ, 2012;

XV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੰਜਾਬ ਰਾਜ ਗ੍ਰਿਡ ਕੋਡ) ਵਿਨਿਯਮਨ, 2013

XVI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੀਸ)(ਦੂਜੀ ਸੋਧਨਾ) ਵਿਨਿਯਮਨ, 2011;

XVII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਨਿਸ਼ਚਿਤ ਕਰਨ ਸਬੰਧੀ;

XVIII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਤੀਜੀ ਸੋਧਨਾ) ਵਿਨਿਯਮਨ, 2011;

XIX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਦੂਜੀ ਸੋਧਨਾ) ਵਿਨਿਯਮਨ, 2011;

XX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਡੀਮਾਂਡ ਸਾਇਡ ਮੈਨੇਜਮੈਂਟ) ਵਿਨਿਯਮਨ, 2012;

[ਸੰਸਦੀ ਮਾਮਲੇ ਮੰਤਰੀ]

XXI. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਪ੍ਰਕ੍ਰਿਆ ਵਿੱਚ ਸੋਧਨਾਵਾਂ ਸਬੰਧੀ;

XXII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਪਹਿਲੀ ਸੋਧਨਾ) ਵਿਨਿਯਮਨ, 2012;

XXIII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ)(ਤੀਜੀ ਸੋਧਨਾ) ਵਿਨਿਯਮਨ, 2013;

XXIV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2013;

XXV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 37.2(ੲ)(1) ਵਿੱਚ ਦਿੱਤੇ ਅਨੁਸਾਰ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟਡ (ਪੀ.ਐਸ.ਪੀ.ਸੀ.ਐਲ) ਦੇ ਅਧਿਕਾਰੀ ਨਿਯੁਕਤ ਕਰਨ/ਕਾਰਜਾਂ ਨੂੰ ਨਿਭਾਉਣ ਲਈ ਲਾਇਸੈਂਸੀ ਦੇ ਅਥਾਰਟੀ ਵਜੋਂ ਕੰਮ ਕਰਨ ਸਬੰਧੀ;

XXVI. ਅਧਿਸੂਚਨਾ ਨੰਬਰ ਪੀ.ਐਸ.ਈ.ਆਰ.ਸੀ/ਸਕੱਤਰ/ਵਿਨਿਯਮਨ 82 ਮਿਤੀ 21.6.2013 ਦੇ ਕ੍ਰਮ ਨੰਬਰ 3 ਵਿੱਚ ਆਉਂਦੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2013 ਦੇ ਵਿਨਿਯਮਨ 21.2 ਦੀ ਉਪ ਕਲਾਜ਼ (ੲ) ਨੂੰ ਸੋਧਨ ਦੀ ਪ੍ਰਕ੍ਰਿਆ ਨੂੰ ਅਗਲੇਰੇ ਹੁਕਮਾਂ ਤੱਕ ਰੋਕਣ ਸਬੰਧੀ;

XXVII. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2013;

XXVIII. ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ);

XXIX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪੰਜਵੀਂ ਸੋਧਨਾ) ਵਿਨਿਯਮਨ, 2013; ਅਤੇ

XXX. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ (5ਵੀਂ ਸੋਧਨਾ) ਵਿਨਿਯਮਨ, 2013;

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

2. ਸੰਵਿਧਾਨ (121ਵੀਂ ਸੋਧਨਾ) ਬਿਲ, 2014, ਜਿਵੇਂ ਕਿ ਸੰਸਦ ਦੇ ਸਦਨਾਂ ਦੁਆਰਾ ਪਾਸ ਕੀਤਾ ਗਿਆ।

3.

I. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2007; ਦੇ ਵਿਨਿਯਮ 4.1 ਦੇ ਉਪਬੰਧਾਂ ਦੇ ਅਨੁਸਾਰ ਸਪਲਾਈ ਕੋਡ ਸਮੀਖਿਆ ਪੈਨਲ ਦੇ ਗਠਨ ਕਰਨ ਸਬੰਧੀ।

II. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਚੌਥੀ ਸੋਧਨਾ) ਵਿਨਿਯਮਲ, 2014;

III. ਪੰਜਾਬ ਬਿਜਲੀ ਲੋਕਪਾਲ ਦੀ ਨਿਯੁਕਤੀ ਸਬੰਧੀ;

IV. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਟੈਰਿਫ ਵਿੱਚ ਉਤਪਾਦਨ, ਟਰਾਂਸਮਿਸ਼ਨ, ਵਿਲਿੰਗ ਅਤੇ ਰੀਟੇਲ ਸਪਲਾਈ ਨਾਲ ਸਬੰਧਤ ਟੈਰਿਫ ਦੀਆਂ ਸ਼ਰਤਾਂ) ਵਿਨਿਯਮਨ, 2014;

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

4. ਸਾਲ 2012-13 ਲਈ ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ (ਕਾਨਵੇਅਰ) ਦੀ 18ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

5. ਸਾਲ 2012-13 ਲਈ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ 46ਵੀਂ ਸਾਲਾਨਾ ਰਿਪੋਰਟ; ਜਿਵੇਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਐਕਟ, 1962 ਦੀ ਧਾਰਾ 31(11) ਅਧੀਨ ਲੋੜੀਂਦਾ ਹੈ।

[ਸੰਸਦੀ ਮਾਮਲੇ ਮੰਤਰੀ]

6. ਸਾਲ 2011-12 ਅਤੇ 2012-13 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ (ਏ.ਡੀ.ਏ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

7. ਸਾਲ 2009-10 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੌਲੀਡੇ ਹੋਮ) ਲਿਮਟਿਡ ਦੀ 7ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ਓ ਅਧੀਨ ਲੋੜੀਂਦਾ ਹੈ।

8. ਸਾਲ 2013-14 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਜਲ ਐਕਟ, 1974 ਦੀ ਧਾਰਾ 39(2) ਅਧੀਨ ਲੋੜੀਂਦਾ ਹੈ।

9. ਸਾਲ 2012-13 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦਾ ਸਲਾਨਾ ਵਿਵਰਣ ਅਤੇ ਆਡਿਟ ਰਿਪੋਰਟ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 104(4) ਅਧੀਨ ਲੋੜੀਂਦਾ ਹੈ।

10. 1.4.2013 ਤੋਂ 31.3.2014 ਤੱਕ ਬਜਟ (2013-14) ਅਤੇ 1.4.2014 ਤੋਂ 30.6.2014 ਤੱਕ ਬਜਟ (2014-15) ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚਿਆਂ ਦੀਆਂ ਪ੍ਰਵਿਰਤੀਆਂ ਦੇ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

RESOLUTION UNDER ARTICLE 368 OF THE CONSTITUTION OF INDIA

ਮਾਨਯੋਗ ਸਪੀਕਰ : ਅਗਲੀ ਆਈਟਮ । ਭਾਰਤ ਦੇ ਸੰਵਿਧਾਨ ਦੇ ਅਨੁਛੇਦ 368 ਅਧੀਨ ਮਤਾ ।

ਮਾਨਯੋਗ ਮੁੱਖ ਮੰਤਰੀ ਸਾਹਿਬ ਮਤਾ ਪੇਸ਼ ਕਰਨ ।(ਵਿਘਨ) (ਸ਼ੋਰ)

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ -

''ਕਿ ਇਹ ਸਦਨ ਭਾਰਤ ਦੇ ਸੰਵਿਧਾਨ (121ਵੀਂ ਸੋਧਨਾ) ਬਿਲ, 2014 ਜਿਵੇਂ ਕਿ ਸੰਸਦ ਦੇ ਦੋਨਾਂ ਸਦਨਾਂ ਦੁਆਰਾ ਪਾਸ ਕੀਤਾ ਗਿਆ ਹੈ, ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਤਜਵੀਜ਼ਤ

ਸੋਧਨਾਵਾਂ ਜੋ ਕਿ ਅਨੁਛੇਦ 368 ਦੀ ਕਲਾਜ਼ (2) ਦੀ ਸ਼ਰਤੀ ਧਾਰਾ ਦੀ ਕਲਾਜ਼ (ਅ) ਦੇ ਵਿਚਾਰ-ਖੇਤਰ ਵਿੱਚ ਆਉਂਦੀਆਂ ਹਨ, ਦੀ ਪੁਸ਼ਟੀ ਕਰਦਾ ਹੈ ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

"ਕਿ ਇਹ ਸਦਨ ਭਾਰਤ ਦੇ ਸੰਵਿਧਾਨ (121ਵੀਂ ਸੋਧਨਾ) ਬਿਲ, 2014 ਜਿਵੇਂ ਕਿ ਸੰਸਦ ਦੇ ਦੋਨਾਂ ਸਦਨਾਂ ਦੁਆਰਾ ਪਾਸ ਕੀਤਾ ਗਿਆ ਹੈ, ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਤਜਵੀਜ਼ਤ ਸੋਧਨਾਵਾਂ ਜੋ ਕਿ ਅਨੁਛੇਦ 368 ਦੀ ਕਲਾਜ਼ (2) ਦੀ ਸ਼ਰਤੀ ਧਾਰਾ ਦੀ ਕਲਾਜ਼ (ਅ) ਦੇ ਵਿਚਾਰ-ਖੇਤਰ ਵਿੱਚ ਆਉਂਦੀਆਂ ਹਨ, ਦੀ ਪੁਸ਼ਟੀ ਕਰਦਾ ਹੈ ।"

ਬਹਿਸ, ਜੇ ਕੋਈ ਹੋਵੇ ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ ।)

(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

"ਕਿ ਇਹ ਸਦਨ ਭਾਰਤ ਦੇ ਸੰਵਿਧਾਨ (121ਵੀਂ ਸੋਧਨਾ) ਬਿਲ, 2014 ਜਿਵੇਂ ਕਿ ਸੰਸਦ ਦੇ ਦੋਨਾਂ ਸਦਨਾਂ ਦੁਆਰਾ ਪਾਸ ਕੀਤਾ ਗਿਆ ਹੈ, ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਤਜਵੀਜ਼ਤ ਸੋਧਨਾਵਾਂ ਜੋ ਕਿ ਅਨੁਛੇਦ 368 ਦੀ ਕਲਾਜ਼ (2) ਦੀ ਸ਼ਰਤੀ ਧਾਰਾ ਦੀ ਕਲਾਜ਼ (ਅ) ਦੇ ਵਿਚਾਰ-ਖੇਤਰ ਵਿੱਚ ਆਉਂਦੀਆਂ ਹਨ, ਦੀ ਪੁਸ਼ਟੀ ਕਰਦਾ ਹੈ ।"

ਪ੍ਰਸਤਾਵ ਪ੍ਰਵਾਨ ਹੋਇਆ ।

LEGISLATIVE BUSINESS

1. THE PUNJAB CATTLE FAIRS (REGULATION) AMENDMENT BILL, 2014

ਮਾਨਯੋਗ ਸਪੀਕਰ : ਮੰਤਰੀ ਜੀ ਬਿਲ ਪੇਸ਼ ਕਰਨ ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਸ਼੍ਰੀਮਾਨ ਜੀ, ਮੈਂ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ, ਬਿਲ, 2014 ਪੇਸ਼

[ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਤੇਂ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਤੇ ਤੁਰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ–ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਪਸ਼ੂ ਮੇਲੇ (ਵਿਨਿਯਮਨ) ਸੋਧਨਾ ਬਿਲ, 2014 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

2. THE PUNJAB STATE CANCER AND DRUG ADDICTION TREATMENT INFRASTRUCTURE FUND (AMENDMENT) BILL, 2014

ਮਾਨਯੋਗ ਸਪੀਕਰ : ਮੰਤਰੀ ਜੀ ਬਿਲ ਪੇਸ਼ ਕਰਨ ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

> ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਬਹਿਸ, ਜੇਕਰ ਕੋਈ ਹੋਵੇ ?)

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

> ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦ੍ਰੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 2

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ

[ਮਾਨਯੋਗ ਸਪੀਕਰ]

> ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

> ਕਿ ਪੰਜਾਬ ਰਾਜ ਕੈਂਸਰ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

3. THE COMMISSION FOR PROTECTION OF CHILD RIGHTS (PUNJAB AMENDMENT) BILL, 2014

ਮਾਨਯੋਗ ਸਪੀਕਰ : ਮੰਤਰੀ ਜੀ ਬਿਲ ਪੇਸ਼ ਕਰਨ ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸ਼੍ਰੀਮਾਨ ਜੀ, ਮੈਂ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਬਹਿਸ, ਜੇਕਰ ਕੋਈ ਹੋਵੇ ?)

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ

ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 9

ਮਾਨਯੋਗ ਸਪੀਕਰ : ਕਿਉਂਜੋ ਕਲਾਜ਼ਾਂ 2 ਤੋਂ 9 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।(ਵਿਘਨ) (ਸ਼ੋਰ)

(**ਆਵਾਜ਼ਾਂ:** ਹਾਂ ਜੀ, ਹਾਂ ਜੀ।) (ਵਿਘਨ ਸ਼ੋਰ)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 9 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ–

> ਕਿ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ (ਪੰਜਾਬ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

CHANGE OF TIME OF THE AFTERNOON SITTING

ਮਾਨਯੋਗ ਸਪੀਕਰ : ਇੱਕ ਮੇਰੀ ਬੇਨਤੀ ਸੁਣ ਲਵੋ। (ਵਿਘਨ ਸ਼ੋਰ) ਪਲੀਜ਼, ਮੇਰੀ ਬੇਨਤੀ ਸੁਣ ਲਵੋ । ਮੇਰੀ ਬੇਨਤੀ ਸੁਣ ਲਵੋ ਜਿਹੜੀ ਸਾਰਿਆਂ ਦੇ ਲਈ ਹੈ, ਤਰਲੋਚਨ ਜੀ ਮੇਰੀ ਬੇਨਤੀ ਸੁਣ ਲਵੋ । (ਵਿਘਨ ਸ਼ੋਰ) ਮੇਰੀ ਬੇਨਤੀ ਸੁਣ ਲਵੋ, ਅਨਾਊਂਸਮੈਂਟ ਸੁਣ ਲਵੋ । ਤੁਸੀਂ ਅਨਾਊਂਸਮੈਂਟ ਤਾਂ ਸੁਣ ਲਵੋ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਜਿਹੜੀ ਅਗਲੀ ਸਿਟਿੰਗ ਹੈ, ਉਹ 3.30 ਵਜੇ ਕਰ ਲਈ ਜਾਵੇ। (ਵਿਘਨ) (ਸ਼ੋਰ)

(**ਆਵਾਜ਼ਾਂ :** ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਅੱਜ ਬਾਅਦ ਦੁਪਹਿਰ ਦੀ ਸਿਟਿੰਗ ਦਾ ਸਮਾਂ 3.30 ਵਜੇ ਕੀਤਾ ਜਾਂਦਾ ਹੈ।

ਹਾਂ ਜੀ, ਮਿੱਤਲ ਸਾਹਿਬ ।

MOTION UNDER RULE 107

Parliamentary Affairs Minister (Shri Madan Mohan Mittal) : This House resolves that the following persons calling themselves –

1. Inderjeet Singh Zira, ex-MLA 2. Jagtar Singh Rajla, Ex-MLA

threw some leaflets, raised slogans, shown black flag from Ex-MLA's gallery on the floor of the House at 10.01 AM today and whom the watch and ward officer took into custody immediately, have committed a grave offence and are guilty of the contempt of the House.

This House further resolves that they should be kept in the custody of the Sergeant-at-Arms till the rising of the House today.

This House resolves that persons calling themselves Sardar Inderjeet Singh Zira son of Gurdeep Singh, resident of District Ferozepur, and Sardar Jagtar Singh Rajla son of Hardial Singh, resident of VPO Rajla, Tehsil Samana, District Patiala, who threw some leaflets, raised slogans, shown black flag from ex-MLA's gallery on the floor of the House at 10.01 AM today and whom the watch and ward officer took into custody immediately, have committed a grave offence and are guilty of the contempt of the House.

This House further resolves that they should be kept in custody of the Sergeant-at-Arms till the rising of the House today i.e. on 23rd December, 2014.

ਮਾਨਯੋਗ ਸਪੀਕਰ : ਉਨ੍ਹਾਂ ਨੂੰ ਰਿਲੀਜ਼ ਕਰ ਦਿੱਤਾ ਗਿਆ ਹੈ।

ਮਾਨਯੋਗ ਸਪੀਕਰ : ਹੁਣ ਸਦਨ ਮਿਤੀ 23 ਦਸੰਬਰ, 2014 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.21 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੰਗਲਵਾਰ, ਮਿਤੀ 23 ਦਸੰਬਰ, 2014 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

APPENDIX

TO

PUNJAB VIDHAN SABHA

DEBATES

Tuesday, the 23rd December, 2014

(Morning Sitting)

Vol IX-No.-2

STARRED QUESTIONS AND ANSWERS

ਕੇਂਦਰ ਵੱਲੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਨੈਸ਼ਨਲ ਫੂਡ ਸਕਿਉਰਟੀ ਮਿਸ਼ਨ ਅਧੀਨ ਐਲੋਕੇਟ ਕੀਤੇ ਫੰਡ ਬਾਰੇ।

***1662. ਸ਼੍ਰੀ ਸੁਨੀਲ ਜਾਖੜ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2013-14 ਅਤੇ 2014-15 ਦੌਰਾਨ ਕੇਂਦਰ ਸਰਕਾਰ ਨੇ ਰਾਜ ਨੂੰ ਖੇਤੀਬਾੜੀ ਮਹਿਕਮੇ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਸਟਰੀਮ-I,II ਅਤੇ ਡਾਈਵਰਸੀਫਿਕੇਸ਼ਨ) ਅਤੇ ਨੈਸ਼ਨਲ ਫੂਡ ਸਕਿਉਰਟੀ ਮਿਸ਼ਨ ਤਹਿਤ ਕੁੱਲ ਕਿੰਨੀ ਰਕਮ ਐਲੋਕੇਟ ਕੀਤੀ ਗਈ ਸੀ।

(ਅ) ਉਪਰੋਕਤ ਫੰਡ ਕੇਂਦਰ ਸਰਕਾਰ ਨੇ ਕਿਹੜੀ-ਕਿਹੜੀ ਮਿਤੀ ਨੂੰ ਜਾਰੀ ਕੀਤੇ ਅਤੇ ਖੇਤੀਬਾੜੀ ਮਹਿਕਮੇ ਨੂੰ ਇਹ ਫੰਡ ਕਦੋਂ ਪ੍ਰਾਪਤ ਹੋਏ

(ੲ) ਕੀ ਉਪਰੋਕਤ ਵਰਣਿਤ ਸਾਰੇ ਫੰਡ ਵਰਤ ਲਏ ਗਏ ਹਨ; ਜੇਕਰ ਵਰਤ ਲਏ ਗਏ ਹਨ ਤਾਂ ਇਨ੍ਹਾਂ ਦਾ ਮਿਤੀ ਵਾਰ ਅਤੇ ਮੱਦ ਵਾਰ ਵੇਰਵਾ ਕੀ ਹੈ?

ਸਰਦਾਰ ਤੋਤਾ ਸਿੰਘ : ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲੱਗ ('ੳ') ਵਿੱਚ ਦਿੱਤੀ ਗਈ ਹੈ।

ਅਨੁਲੱਗ 'ੳ'

ਸਾਲ 2013-14 ਦੌਰਾਨ ਆਰ.ਕੇ.ਵੀ.ਵਾਈ. ਕੌਮੀ ਅੰਨ ਸੁਰੱਖਿਆ ਮਿਸ਼ਨ ਅਧੀਨ ਜਾਰੀ ਅਤੇ ਖਰਚ ਕੀਤੇ ਗਏ ਫੰਡਾਂ ਦਾ ਵੇਰਵਾ

(ਰੁਪਏ ਕਰੋੜਾਂ ਵਿੱਚ)

ਲੜੀ ਨੰ:	ਸਕੀਮ ਦੀ ਮੱਦ ਦਾ ਵੇਰਵਾ	ਭਾਰਤ ਸਰਕਾਰ ਵੱਲੋਂ ਅਲਾਟਮੈਂਟ	ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਫੰਡ		ਰਾਜ ਦੇ ਖੇਤੀਬਾੜੀ ਵਿਭਾਗ ਨੂੰ ਪ੍ਰਾਪਤ ਫੰਡ		ਖਰਚ ਕੀਤੀ ਗਈ ਰਾਸ਼ੀ
			ਮਿਤੀ	ਰਾਸ਼ੀ	ਮਿਤੀ	ਰਾਸ਼ੀ	
1.	ਆਰ.ਕੇ.ਵੀ.ਵਾਈ-I	155.21	4.9.2013	89.99	21.12.2013 24.6.2014 ਅਤੇ 10.07.2014	62.99 27.00	
2.	ਆਰ.ਕੇ.ਵੀ.ਵਾਈ-II	51.74	4.6.2013	27.20	13.2.2014	27.20	229.44
3	ਆਰ.ਕੇ.ਵੀ.ਵਾਈ. ਫਸਲੀ ਵਿਭਿੰਨਤਾ ਪ੍ਰੋਗਰਾਮ	224.50	12.8.2013	112.25	17.10.2013 29.11.2013 31.03.2014	62.00 25.00 25.25	
	ਕੁਲ ਜੋੜ	431.45	-	299.44	-	229.44	229.44
4.	ਨੈਸ਼ਨਲ ਫੂਡ ਸਕਿਉਰਟੀ	66.20	01.04.2013 11.10.2013 31.10.2013 23.01.2014	28.67 24.63 6.00 6.93	01.04.2013 11.10.2013 31.10.2013 23.01.2014	28.67 24.63 6.00 6.93	58.18

ਸਾਲ 2014-15 ਦੌਰਾਨ ਆਰ.ਕੇ.ਵੀ.ਵਾਈ. ਅਤੇ ਕੌਮੀ ਅਤੇ ਅੰਨ ਸੁਰੱਖਿਆ ਮਿਸ਼ਨ ਅਧੀਨ ਜਾਰੀ ਅਤੇ ਖਰਚ ਕੀਤੇ ਗਏ ਫੰਡਾਂ ਦਾ ਵੇਰਵਾ

(ਰੁਪਏ ਕਰੋੜਾਂ ਵਿੱਚ)

ਲੜੀ ਨੰ:	ਸਕੀਮ ਦੀ ਮੱਦ ਦਾ ਵੇਰਵਾ	ਭਾਰਤ ਸਰਕਾਰ ਵੱਲੋਂ ਅਲਾਟਮੈਂਟ	ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਫੰਡ		ਰਾਜ ਦੇ ਖੇਤੀਬਾੜੀ ਵਿਭਾਗ ਨੂੰ ਪ੍ਰਾਪਤ ਫੰਡ		ਖ਼ਰਚ ਕੀਤੀ ਗਈ ਰਾਸ਼ੀ
			ਮਿਤੀ	ਰਾਸ਼ੀ	ਮਿਤੀ	ਰਾਸ਼ੀ	
1.	ਆਰ.ਕੇ.ਵੀ.ਵਾਈ.	258.71	01.08.2014	127.175	26.08.2014	50.00	
					28.08.2014	77.18	
2.	ਫਸਲੀ ਵਿਭਿੰਨਤਾ ਪ੍ਰੋਗਰਾਮ	250.00	04.09.2014	127.175	04.10.2014	70.81	160.68
					05.12.2014	56.36	
			30.12.2014	159.36	-	-	
	ਕੁਲ ਜੋੜ	**508.71**	-	**413.71**	-	**254.35**	**160.68**
3	ਨੈਸ਼ਨਲ ਫੂਡ ਸਕਿਓਰਟੀ ਮਿਸ਼ਨ	50.33	2.06.2014	18.55	02.06.2014	8.04	28.78
			09.07.2014	0.46	28.11.2014	20.74	
			23.07.2014	18.16			

ਭਾਖੜਾ ਨਹਿਰ ਦੇ ਅਮਲੇ ਅਤੇ ਅਫਸਰਾਂ ਦੀਆਂ ਤਨਖਾਹਾਂ ਸਬੰਧੀ।

***1641. ਜਸਟਿਸ ਨਿਰਮਲ ਸਿੰਘ :** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-ਕੀ ਇਹ ਠੀਕ ਹੈ ਕਿ ਭਾਖੜਾ ਮੇਨ ਨਹਿਰ ਦਾ 85% ਪਾਣੀ ਹਰਿਆਣਾ ਰਾਜ ਨੂੰ ਜਾਂਦਾ ਹੈ ਅਤੇ ਬਾਕੀ ਪਾਣੀ ਪੰਜਾਬ ਅਤੇ ਚੰਡੀਗੜ੍ਹ ਨੂੰ ਮਿਲਦਾ ਹੈ; ਜੇਕਰ ਅਜਿਹਾ ਹੋਵੇ ਤਾਂ ਸਬੰਧਿਤ ਤਾਇਨਾਤ ਅਮਲੇ ਅਤੇ ਅਫਸਰਾਂ ਦੀਆਂ ਤਨਖਾਹਾਂ ਆਦਿ ਦਾ ਖਰਚਾ ਹਰਿਆਣਾ ਸਰਕਾਰ ਤੋਂ ਨਾ ਲਏ ਜਾਣ ਦੇ ਕੀ ਕਾਰਨ ਹਨ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਜੀ ਨਹੀਂ। ਭਾਖੜਾ ਮੇਨ ਲਾਈਨ ਨਹਿਰ ਵਿਚੋਂ 85% ਪਾਣੀ ਹਰਿਆਣਾ ਰਾਜ ਨੂੰ ਨਹੀਂ ਜਾਂਦਾ। ਇਹ ਇਕ ਅੰਤਰਰਾਜੀ ਨਹਿਰ ਹੈ। ਇਸ ਨਹਿਰ ਵਿਚੋਂ 63.38% ਪਾਣੀ ਹਰਿਆਣਾ ਰਾਜ ਨੂੰ ਜਾਂਦਾ ਹੈ ਅਤੇ ਬਾਕੀ ਪਾਣੀ ਵਿਚੋਂ ਪੰਜਾਬ ਦਾ ਹਿੱਸਾ 25.81%, ਰਾਜਸਥਾਨ ਦਾ ਹਿੱਸਾ 6.83% ਅਤੇ ਦਿੱਲੀ ਦਾ ਹਿੱਸਾ 3.98% ਹੈ। ਚੰਡੀਗੜ੍ਹ ਨੂੰ ਪੀਣ ਦਾ ਪਾਣੀ ਪੰਜਾਬ ਅਤੇ ਹਰਿਆਣਾ ਦੇ ਹਿੱਸੇ ਵਿੱਚੋਂ ਦਿੱਤਾ ਜਾਂਦਾ ਹੈ। ਇਸ ਨਹਿਰ ਉਪਰ ਤਾਇਨਾਤ ਅਮਲੇ ਦੀਆਂ ਤਨਖਾਹਾਂ ਪਾਰਟਨਰ ਸਟੇਟਸ ਤੋਂ ਕਿਊਸਿਕ ਮਾਇਲ ਬੇਸ ਨਾਲ ਵਸੂਲੀਆ ਜਾਂਦੀਆਂ ਹਨ। ਇਸ ਸਬੰਧ ਵਿੱਚ ਸਾਲ 1966 ਤੋਂ ਲੈ ਕੇ 31.3.2014 ਤੱਕ ਭਾਖੜਾ ਮੇਨ ਲਾਇਨ ਉਪਰ ਤਾਇਨਾਤ ਅਮਲੇ ਦੀਆਂ ਤਨਖਾਹਾਂ ਦਾ ਹਰਿਆਣਾ ਰਾਜ ਤੋਂ 127.61 ਕਰੋੜ ਰੁਪਏ ਰਕਮ ਵਸੂਲਣਯੋਗ ਬਣਦੀ ਹੈ। ਜਿਸ ਵਿਚੋਂ 107.57 ਕਰੋੜ ਰੁਪਏ ਵਸੂਲ ਕਰ ਲਏ ਗਏ ਹਨ ਅਤੇ ਬਾਕੀ ਰਹਿੰਦੀ ਰਕਮ 20.04 ਕਰੋੜ ਰੁਪਏ ਵਸੂਲਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਬਾਰੇ ਹਰਿਆਣਾ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਬਾਕੀ ਰਹਿੰਦੀ ਰਕਮ ਅਗਲੇ ਵਿੱਤੀ ਸਾਲ ਵਿੱਚ ਐਡਜਸਟ ਕਰ ਦਿੱਤੀ ਜਾਵੇਗੀ ਜੀ।

ਮਲੇਰਕੋਟਲਾ ਸਬ ਡਵੀਜ਼ਨ ਵਿੱਚ ਪੈਂਦੇ ਪਿੰਡਾਂ ਦੇ ਨਾਮ ਦੋ ਦੀ ਬਜਾਏ ਇੱਕ ਕਰਨਾ

***1639. ਸਰਦਾਰ ਇਕਬਾਲ ਸਿੰਘ ਝੂੰਦਾਂ :** ਕਿ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਲੇਰਕੋਟਲਾ ਸਬ-ਡਵੀਜ਼ਨ ਵਿੱਚ

ਪੈਂਦੀ ਪੁਰਾਣੀ ਮਲੇਰਕੋਟਲਾ ਰਿਆਸਤ ਦੇ ਪਿੰਡਾਂ ਦੇ ਦੋ-ਦੋ ਨਾਮ ਹੋਣ ਕਾਰਨ ਵੱਖ-ਵੱਖ ਵਿਭਾਗਾਂ ਵਿੱਚ ਵੱਖਰੇ-ਵੱਖਰੇ ਨਾਮਦਰਜ ਹੋਣ ਕਾਰਨ ਪਿੰਡਾਂ ਦੇ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਪਿੰਡਾਂ ਨੂੰ ਪੁਰਾਣੇ ਨਾਮ ਦੇਣ ਦੀ ਜਾਂ ਦੋ ਦੀ ਬਜਾਏ ਸਾਰੇ ਵਿਭਾਗਾਂ ਵਿੱਚ ਇਕ ਹੀ ਨਾਮ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ।

ਸਰਦਾਰ ਬਿਕਰਮ ਸਿੰਘ ਮਜੀਠੀਆ : ਮਲੇਰਕੋਟਲਾ ਸਬ ਡਵੀਜ਼ਨ ਵਿੱਚ ਪੈਂਦੀ ਪੁਰਾਣੀ ਮਲੇਰਕੋਟਲਾ ਰਿਆਸਤ ਦੇ ਪਿੰਡਾਂ ਦੇ ਨਾਮ ਮਾਲ ਰਿਕਾਰਡ ਅਨੁਸਾਰ ਦੋ ਨਹੀਂ ਹਨ। ਸਿਰਫ ਇੱਕ ਪਿੰਡ ਦਾ ਨਾਮ ਨਰੈਣਗੜ੍ਹ ਉਰਫ ਮੋਰਾਂਵਾਲੀ ਦਰਜ ਹੈ। ਇਸ ਤੋਂ ਇਲਾਵਾ ਪਿੰਡਾਂ ਦੇ ਦੋ ਨਾਵਾਂ ਬਾਰੇ ਵੱਖ-ਵੱਖ ਮਹਿਕਮਿਆਂ ਤੋਂ ਰਿਪੋਰਟ ਪ੍ਰਾਪਤ ਕੀਤੀ ਗਈਹੈ ਜੋ ਅਨੁਲੱਗ 'ੳ' ਨਾਲ ਨੱਥੀ ਹੈ। ਇਸ ਅਨੁਸਾਰ ਕੁਝ ਵਿਭਾਗਾਂ ਵੱਲੋਂ ਆਪਣੇ ਤੌਰ ਤੇ ਕੁਝ ਪਿੰਡਾਂ ਦੇ ਨਾਮ ਵੱਖਰੇ-ਵੱਖਰੇ ਰੱਖੇ ਹੋਏ ਹਨ। ਭਾਰਤੀ ਰੇਲਵੇ ਦੇ ਇੱਕ ਰੇਲਵੇ ਸਟੇਸ਼ਨ ਦਾ ਨਾਮ ਰੋਹੀੜਾ ਘੱਲੂਘਾਰਾ ਹੈ, ਜਦੋਂ ਕਿ ਮਾਲ ਵਿਭਾਗ ਵਿੱਚ ਇਸ ਪਿੰਡ ਦਾ ਨਾਮ ਰੋਹੀੜਾ ਦਰਜ ਹੈ। ਕਿਸੇ ਵੀ ਪਿੰਡ ਦਾ ਨਾਮ ਬਦਲਣ ਬਾਰੇ ਕੋਈ ਤਜਵੀਜ਼ ਨਹੀਂ ਹੈ।

ਅਨੁਲੱਗ-('ੳ')

ਸਬ ਡਵੀਜਨ ਮਾਲੇਰਕੋਟਲਾ ਦੇ ਵੱਖ ਵੱਖ ਮਹਿਕਮਿਆਂ ਵਿੱਚ ਦਰਜ ਪਿੰਡਾਂ ਦੇ ਨਾਮ ਜੋ ਮਾਲ ਵਿਭਾਗ ਵਿੱਚ ਚੱਲਦੇ ਨਾਵਾਂ ਨਾਲੋ ਵੱਖਰੇ ਹਨ

ਲੜੀ ਨੰ:	ਪਟਵਾਰ ਸਰਕਲ ਅਤੇ ਮਾਲ ਰਿਕਾਰਡ ਵਿੱਚ ਪਿੰਡ ਦਾ ਨਾਮ	ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ	ਜ਼ਿਲ੍ਹਾ ਸਿੱਖਿਆ ਅਫਸਰ, ਪ੍ਰਾਇਮਰੀ	ਉਪ ਅਰਥ ਤੇ ਅੰਕੜਾ ਸਲਾਹਕਾਰ, ਸੰਗਰੂਰ	ਡਾਇਰੈਕਟਰ ਪਸ਼ੂ ਪਾਲਣ ਵਿਭਾਗ ਸੰਗਰੂਰ	ਸਟੇਸ਼ਨ ਮਾਸਟਰ ਰੇਲਵੇ ਸਟੇਸ਼ਨ ਮਲੇਰਕੋਟਲਾ	ਪੋਸਟ ਮਾਸਟਰ ਹੈਡ ਪੋਸਟ ਆਫਿਸ ਸੰਗਰੂਰ	ਸੀਨੀਅਰ ਪੁਲਿਸ ਕਪਤਾਨ ਸੰਗਰੂਰ
1.	ਦਮਾਮ ਮਹਿਲੀ		ਰਜਿੰਦਰ ਨਗਰ					ਰਜਿੰਦਰ ਨਗਰ
2.	ਅਮੀਰ ਨਗਰ		ਦੁੱਲਮਾਂ		ਦੁੱਲਮਾਂ ਨਗਰ			ਅਮੀਰ ਨਗਰ ਦੁੱਲਮਾਂ
3.	ਹੈਦਰ ਨਗਰ		ਹਥੋਈ					
4.	ਸੁਆਦਤਪੁਰ	ਸੱਦੋਪੁਰ		ਸਾਦਤਪੁਰ	ਸੱਦੋਪੁਰ		ਸੱਦੋਪੁਰ	ਸੱਦੋਪੁਰ
5.	ਸਕੋਹਪੁਰ ਸੰਗਰਾਮ	ਸੰਗਾਲਾ	ਸੰਗਾਲਾ		ਸੰਗਾਲਾ		ਸੰਗਾਲਾ	ਸੰਗਾਲਾ
6.	ਮੁਹੰਮਦ ਨਗਰ						ਭੈਣੀ ਖੁਰਦ	ਭੈਣੀ ਖੁਰਦ
7.	ਕਿਸ਼ਨਗੜ੍ਹ						ਸੰਗਾਲੀ	ਸੰਗਾਲੀ
8.	ਰੁਸਤਮਗੜ੍ਹ		ਖੜਕੇਵਾਲ					ਖੜਕੇਵਾਲ
9.	ਫਿਰੋਜਪੁਰ	ਕੁਠਾਲਾ	ਕੁਠਾਲਾ		ਕੁਠਾਲਾ			
10.	ਮਹਿਬੂਬਪੁਰਾ						ਤੱਖਰ ਖੁਰਦ	
11.	ਇਤਫਾਤਪੁਰਾ						ਇਲਤਫਾਪੁਰਾ ਉਰਫ ਢੰਡੇਵਾੜੀ	
12.	ਮਹਿਦੇਵੀ		ਮਦੇਵੀ	ਮਦੇਵੀ	ਮਦੇਵੀ			

13. ਮੁਬਾਰਕਪੁਰ	ਮੁਬਾਰਕਮੁਰਾ (ਚੁੰਘਾਂ)						
14. ਅਤਾਉਲਾਪੁਰ (ਬੇਚਰਾਗ)			ਅਤੌਲਾਪੁਰ				
15. ਬਹਾਦਰਗੜ੍ਹ						ਫਰੀਦਪੁਰ ਖੁਰਦ	
16. ਰੋਹੀੜਾ					ਰੋਹੀੜਾ ਘੱਲੂਘਾਰਾ		
17. ਬੋੜਹਾਈ			ਬੋੜਹਾਈ ਕਲਾਂ				
18. ਵਲਾਇਤਪੁਰ		ਫੱਲੋਵਾਲ					ਫੱਲੋਵਾਲ
19. ਦਿਲਾਵਰਗੜ੍ਹ				ਕੁੱਪ ਖੁਰਦ		ਕੁੱਪ ਖੁਰਦ	ਕੁੱਪ ਖੁਰਦ
20. ਅਕਬਰਪੁਰ			ਅਕਬਰਪੁਰ ਛੰਨਾਂ			ਅਕਬਰਪੁਰ ਛੰਨਾ	
21. ਮਲਕਪੁਰ						ਜੰਡਾਲੀ ਖੁਰਦ	ਜੰਡਾਲੀ ਖੁਰਦ
22. ਕੰਗਣਪੁਰ	ਕੰਗਣਵਾਲ		ਕੰਗਣਵਾਲ	ਕੰਗਣਵਾਲ			ਕੰਗਣਵਾਲ
23. ਭੀਖਮਪੁਰਾ	ਬੇਗੋਵਾਲ	ਬੇਗੋਵਾਲ					ਬੇਗੋਵਾਲ
24. ਅਸਦੂਲਪੁਰ	ਬੋੜਹਾਈ ਖੁਰਦ	ਬੋੜਹਾਈ ਖੁਰਦ				ਬੋੜਹਾਈ ਖੁਰਦ	ਬੋੜਹਾਈ ਖੁਰਦ
25. ਦੁਲਵਾਂ			ਦੁਲਮਾਂ ਕਲਾਂ				
26. ਸ਼ੇਰਗੜ੍ਹ	ਸ਼ੇਰਗੜ੍ਹ ਚੀਮਾਂ					ਸ਼ੇਰਗੜ੍ਹ ਚੀਮਾਂ	
27. ਅਬਦੂੱਲਾਪੁਰ						ਅਬਦੁੱਲਾਪੁਰ ਚੁਹਾਣੇ	

28. ਦਰਿਆਪੁਰ		ਧਲੇਰ ਖੁਰਦ	
29. ਅਹਿਮਦਪੁਰ		ਧਲੇਰ ਕਲਾਂ	
30. ਅਜੀਮਾਬਾਦ			ਸੰਘੋਣ
31. ਸਦਰਾਬਾਦ	ਨੌਸਹਿਰਾ		ਨੌਸਹਿਰਾ
32. ਉਪਲਖੇੜੀ			ਉਪੋਕੀ

ਨੀਲੇ ਰਾਸ਼ਨ ਕਾਰਡ ਜਾਰੀ ਕਰਨਾ

***1660. ਸ਼੍ਰੀਮਤੀ ਪਰਨੀਤ ਕੌਰ :** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਸਾਲ 2014 ਦੌਰਾਨ ਰਾਜ ਵਿੱਚ ਯੋਗ ਪਰਿਵਾਰਾਂ ਨੂੰ ਨੀਲੇ ਰਾਸ਼ਨ ਕਾਰਡ ਜਾਰੀ ਕਰਨ ਲਈ ਨਵੇਂ ਬਿਨੈ ਪੱਤਰ ਮੰਗੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਪ੍ਰਾਪਤ ਹੋਏ ਬਿਨੇ ਪੱਤਰਾਂ ਦੇ ਜ਼ਿਲ੍ਹਾ ਵਾਰ ਵੇਰਵੇ ਕੀ ਹਨ?

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਰਾਸ਼ਨ ਕਾਰਡ ਜਾਰੀ ਕਰਨ ਲਈ ਯੋਗ ਪਾਏ ਗਏ ਬਿਨੇਕਾਰਾਂ ਦੀ ਜ਼ਿਲ੍ਹਾ ਵਾਰ ਗਿਣਤੀ ਅਤੇ ਪ੍ਰਤੀਸ਼ਤਤਾ ਕੀ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਨਹੀਂ ਜੀ। ਰਾਜ ਵਿਚ ਸਾਲ 2014 ਦੌਰਾਨ ਨਵੇਂ ਨੀਲੇ ਰਾਸ਼ਨ ਕਾਰਡ ਜਾਰੀ ਕਰਨ ਲਈ ਬਿਨੇ ਪੱਤਰ ਨਹੀਂ ਮੰਗੇ ਸਨ।

ਕੇਂਦਰ ਸਰਕਾਰ ਵੱਲੋਂ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਫੰਡ ਜਾਰੀ ਕਰਨਾ

***1661. ਸ੍ਰੀ ਸੁਨੀਲ ਜਾਖੜ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੇਂਦਰ ਸਰਕਾਰ ਤੋਂ ਸਾਲ 2013-14 ਅਤੇ 2014-15 ਦੌਰਾਨ ਐਸ.ਸੀ. ਅਤੇ ਮਿਨਾਰਟੀ ਪ੍ਰੀਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਿੰਨਾ ਫੰਡ ਕਿਹੜੀ-ਕਿਹੜੀ ਮਿਤੀ ਨੂੰ ਜਾਰੀ ਕੀਤਾ ਗਿਆ;

(ਅ) ਉਪਰੋਕਤ ਭਾਗ (ੳ) ਵਿੱਚ ਦਰਸਾਇਆ ਸਕਾਲਰਸ਼ਿਪ ਤਹਿਤ ਫੰਡ ਸੰਬੰਧਿਤ ਮਹਿਕਮੇ ਨੂੰ ਕਦੋਂ ਅਤੇ ਕਿੰਨਾ-ਕਿੰਨਾ ਪ੍ਰਾਪਤ ਹੋਇਆ ਅਤੇ ਉਕਤ ਸਾਲਾਂ ਦੌਰਾਨ ਵਿਦਿਆਰਥੀਆਂ ਨੂੰ ਵੰਡੇ ਗਏ ਫੰਡ ਦੇ ਵੇਰਵੇ ਕੀ ਹਨ?

ਸਰਦਾਰ ਗੁਲਜਾਰ ਸਿੰਘ ਰਣੀਕੇ : (ੳ) ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ

(ਅ) ਸੂਚਨਾ ਅਨੁਲੱਗ 'ਅ' ਤੇ ਰੱਖੀ ਜਾਂਦੀ ਹੈ।

ਅਨੁਲੱਗ ੳ

ਕੇਂਦਰ ਸਰਕਾਰ ਤੋਂ ਐਸ.ਸੀ. ਅਤੇ ਮਿਨਾਰਟੀ ਪ੍ਰੀਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਫੰਡ ਜਾਰੀ ਕਰਨ ਸਬੰਧੀ ਵੇਰਵਾ।

ਅਨੁਸੂਚਿਤ ਜਾਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮਾਂ–ਸਾਲ 2013-14 (ਰਕਮ ਕਰੋੜਾਂ ਵਿਚ)

ਲੜੀ ਨੰ.	ਸਕੀਮ ਦਾ ਨਾਂ	ਕੇਂਦਰ ਵੱਲੋਂ ਜਾਰੀ ਫੰਡ	ਕੇਂਦਰ ਸਰਕਾਰ ਵਲੋਂ ਫੰਡ ਜਾਰੀ ਕਰਨ ਦੀ ਮਿਤੀ	ਵਿਭਾਗ ਵੱਲੋਂ ਪ੍ਰਾਪਤ ਕੀਤੇ ਫੰਡ	ਵਿਭਾਗ ਵੱਲੋਂ ਫੰਡ ਪ੍ਰਾਪਤੀ ਦੀ ਮਿਤੀ	ਫੰਡ ਵੰਡਣ ਦੀ ਮਿਤੀ	ਫੰਡਾਂ ਦਾ ਵੇਰਵਾ
1.	ਅਨੁਸੂਚਿਤ ਜਾਤੀਆਂ ਦੇ 9ਵੀਂ ਅਤੇ 10ਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ	17.73	13-5-2013	19.03	15-10-2013	ਅਕਤੂਬਰ, 2013	3.89
		20.84	23-9-2013	02.51	21-11-2013	ਨਵੰਬਰ,2013	17.65
		21.63	28-3-2014	**21.54**			**21.54**
		60.20					
2.	ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ	280.81	1.11.2013	110.26	29-11-2013	ਨਵੰਬਰ, 2013	28.81
				36.76	09-12-2013	ਦਸੰਬਰ, 2013	100.62
				18.31	23-12-2013	ਜਨਵਰੀ, 2014	37.90
				23.70	26-12-2013	ਫਰਵਰੀ, 2014	34.55
				08.63	27-01-2014	ਮਾਰਚ, 2014	05.23
				82.11	12-02-2014	ਅਪ੍ਰੈਲ, 2014	72.66
				279.77			**279.77**

ਘੱਟ ਗਿਣਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮਾਂ-ਸਾਲ 2013-14

1. ਘੱਟ ਗਿਣਤੀ ਵਰਗ ਲਈ	31.55	10-12-2013	70.45	28-6-2014	ਜੁਲਾਈ, 2014	70.45
ਪ੍ਰੀ ਮੈਟ੍ਰਿਕ ਸਕਾਲਰਸ਼ਿਪ	38.90	18-12-2013				
ਸਕੀਮ	70.45					
2. ਘੱਟ ਗਿਣਤੀ ਵਰਗ ਲਈ	21.77	30-8-2013	41.38	28-8-2014	ਸਤੰਬਰ, 2014	41.38
ਪੋਸਟ ਮੈਟ੍ਰਿਕ ਸਕਾਲਰਸ਼ਿਪ	0.48	10-12-2013				
ਸਕੀਮ	1.05	24-12-2013				
	1.46	31-1-2014				
	16.62	11-2-2014				
	41.38					

ਅਨੁਲੱਗ ਅ

ਉਪਰੋਕਤ ਭਾਗ (ੳ) ਵਿੱਚ ਦਰਸਾਈਆਂ ਸਕਾਲਰਸ਼ਿਪ ਸਕੀਮਾਂ ਤਹਿਤ ਪ੍ਰਾਪਤ ਫੰਡਜ਼ ਅਤੇ ਵਿਦਿਆਰਥੀਆਂ ਲਈ ਵੰਡੇ ਗਏ ਫੰਡਾਂ ਦੇ ਵੇਰਵੇ।

ਅਨੁਸੂਚਿਤ ਜਾਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮਾਂ–ਸਾਲ 2014-15 (ਰਕਮ ਕਰੋੜਾਂ ਵਿਚ)

ਲੜੀ ਨੰ.	ਸਕੀਮ ਦਾ ਨਾਂ	ਕੇਂਦਰ ਵੱਲੋਂ ਜਾਰੀ ਫੰਡ	ਕੇਂਦਰ ਸਰਕਾਰ ਵਲੋਂ ਫੰਡ ਜਾਰੀ ਕਰਨ ਦੀ ਮਿਤੀ	ਵਿਭਾਗ ਵੱਲੋਂ ਪ੍ਰਾਪਤ ਕੀਤੇ ਫੰਡ	ਵਿਭਾਗ ਵੱਲੋਂ ਫੰਡ ਪ੍ਰਾਪਤੀ ਦੀ ਮਿਤੀ	ਫੰਡ ਵੰਡਣ ਦੀ ਮਿਤੀ	ਫੰਡਾਂ ਦਾ ਵੇਰਵਾ
1.	ਅਨੁਸੂਚਿਤ ਜਾਤੀਆਂ ਦੇ 9ਵੀਂ ਅਤੇ 10ਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ	28.70	10-10-2014	35.06 52.73 **87.79**	24-6-2014 10-03-2015	ਜੁਲਾਈ, 2014 ਮਾਰਚ, 2015 ਅਪ੍ਰੈਲ, 2015	34.65 42.60 10.13 **87.38**
2.	ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ	376.87	06.08.2014	141.57 07.96 227.34 **376.87**	04-10-2014 07-10-2014 3-01-2015	ਅਕਤੂਬਰ, 2014 ਅਕਤੂਬਰ, 2014 ਅਕਤੂਬਰ, 2014 ਨਵੰਬਰ, 2014 ਜਨਵਰੀ, 2015	101.83 23.28 22.00 0.83 228.93 **376.87**

ਘੱਟ ਗਿਣਤੀ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮਾਂ-2014-15

1.	ਘੱਟ ਗਿਣਤੀ ਵਰਗ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ	43.86 28.55 72.41	8-1-2015 19-3-2015	29.55 42.86 72.41	11-3-2015 28-5-2015	ਅਪ੍ਰੈਲ, 2015 ਮਈ, 2015	29.55 42.86 72.41
2.	ਘੱਟ ਗਿਣਤੀ ਵਰਗ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ	ਭਾਰਤ ਸਰਕਾਰ ਵੱਲੋਂ ਸਕਾਲਰਸ਼ਿਪ ਦੀ ਰਾਸ਼ੀ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਡੀ.ਬੀ.ਟੀ. ਸਿਸਟਮ ਰਾਹੀਂ ਸਿੱਧੀ ਭੇਜੀ ਗਈ ਹੈ।					

UNSTARRED QUESTIONS AND ANSWERS

ਜ਼ਿਲ੍ਹਾ ਪਟਿਆਲਾ ਵਿੱਚ ਸਰਕਾਰੀ ਅਤੇ ਅਰਧ-ਸਰਕਾਰੀ ਸੰਗਠਨਾਂ ਦੀਆਂ ਜਾਇਦਾਦਾਂ ਵੇਚਣਾ

132. **ਸ਼੍ਰੀਮਤੀ ਪਰਨੀਤ ਕੌਰ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਨੇ ਜ਼ਿਲ੍ਹਾ ਪਟਿਆਲਾ ਵਿੱਚ ਸਰਕਾਰੀ ਅਤੇ ਅਰਧ-ਸਰਕਾਰੀ ਸੰਗਠਨਾਂ ਦੀਆਂ ਜਾਇਦਾਦਾਂ ਵੇਚ ਦਿੱਤੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਅਜਿਹੀਆਂ ਜਾਇਦਾਦਾਂ ਦੇ ਵੇਰਵੇ ਕੀ ਹਨ ਅਤੇ ਅਪ੍ਰੈਲ, 2007 ਤੋਂ ਵੇਚੀ ਗਈ ਅਜਿਹੀ ਹਰ ਇੱਕ ਜਾਇਦਾਦ ਤੋਂ ਪ੍ਰਾਪਤ ਕੀਤੀ ਵਿਕਰੀ ਦੀ ਰਕਮ ਕਿੰਨੀ ਹੈ :

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਜਿਹੀ ਹਰ ਇੱਕ ਜਾਇਦਾਦ ਦੀ ਵਿਕਰੀ ਦੀਆਂ ਰਕਮਾਂ ਕਿਸ ਵਿਧੀ ਅਤੇ ਮੰਤਵ ਅਧੀਨ ਵਰਤੋਂ ਕੀਤੀਆਂ ਗਈਆਂ ਸਨ ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਜੀ ਹਾਂ । ਰਾਜ ਸਰਕਾਰ ਨੇ ਜ਼ਿਲ੍ਹਾ ਪਟਿਆਲਾ ਦੀਆਂ ਕੁਝ ਸਰਕਾਰੀ ਅਤੇ ਅਰਧ-ਸਰਕਾਰੀ ਜਾਇਦਾਦਾਂ ਵੇਚੀਆਂ ਹਨ । ਮਿਤੀ 1.4.2007 ਤੋਂ ਵੇਚੀਆਂ ਸਾਈਟਾਂ ਤੋਂ ਪ੍ਰਾਪਤ ਹੋਈ ਰਕਮ ਦੇ ਵੇਰਵੇ ਹੇਠ ਅਨੁਸਾਰ ਹਨ :-

ਲੜੀ ਨੰ.	ਸਕੀਮ ਦਾ ਨਾਂ	ਮਹਿਕਮੇ ਦਾ ਨਾਂ ਜਿਸ ਤੋਂ ਜ਼ਮੀਨ ਟਰਾਂਸਫਰ ਹੋਈ	ਜ਼ਮੀਨ ਦਾ ਰਕਬਾ	1.4.2007 ਤੋਂ 30.11.2014 ਤੱਕ ਵੇਚਣ ਉਪਰੰਤ ਪ੍ਰਾਪਤ ਹੋਈ ਰਕਮ (ਕਰੋੜਾਂ ਵਿੱਚ)
ੳ	**ਓ.ਯੂ.ਵੀ.ਜੀ.ਐਲ. ਸਕੀਮ**			

1.	ਫੁਲਕੀਆਂ ਇਨਕਲੇਵ, ਪਟਿਆਲਾ ।	ਜੇਲ੍ਹ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ	40.00 ਏਕੜ 12.70 ਏਕੜ	30.15
2.	ਅਕਾਲ ਕੰਪਲੈਕਸ (ਕੌਰਜੀ ਹਵੇਲੀ), ਪਟਿਆਲਾ ।	ਰੈਵੀਨਿਊ ਵਿਭਾਗ	4.35 ਏਕੜ	16.01
3.	ਦੇਵੀਗੜ੍ਹ ਡਵੀਜ਼ਨ ਸਾਈਟ, ਪਟਿਆਲਾ ।	ਸਿੰਚਾਈ ਵਿਭਾਗ	14.72 ਏਕੜ	17.45
4.	ਛੋਟੀ ਬਾਰਾਂਦਰੀ (ਕੋਠੀ ਨੰ. 40 ਡੀ), ਪਟਿਆਲਾ।	ਪੀ.ਡਬਲਿਊ.ਡੀ. (ਬੀ. ਐਂਡ ਆਰ) ਵਿਭਾਗ	1.07 ਏਕੜ	3.57
5.	ਕਬਾੜੀ ਮਾਰਕੀਟ ਸਾਈਟ, ਪਟਿਆਲਾ ।	ਮਿਊਂਸਿਪਲ ਕਾਰਪੋਰੇਸ਼ਨ	0.70 ਏਕੜ	22.00
6.	ਹੀਰਾ ਇਨਕਲੇਵ, ਨਾਭਾ	ਖੇਤੀਬਾੜੀ ਵਿਭਾਗ	111.00 ਏਕੜ 3 ਮਰਲੇ	43.44
7.	ਮਹਿਮਾਨ ਖਾਨਾ ਸਾਈਟ (ਪਟਿਆਲਾ ਹੋਟਲ), ਪਟਿਆਲਾ ।	ਪੀ.ਡਬਲਿਊ.ਡੀ. (ਬੀ.ਐਂਡ.ਆਰ) ਵਿਭਾਗ	2.31	0.44
			ਕੁੱਲ ਰਕਮ	139.06
ਅ	**ਓ.ਯੂ.ਵੀ.ਜੀ.ਐਲ. ਤੋਂ ਇਲਾਵਾ ਵੇਚੀਆਂ ਸਾਈਟਾਂ**			
8.	ਪੀ. ਆਰ. ਟੀ. ਸੀ. ਵਰਕਸ਼ਾਪ ਸਾਈਟ, ਨਾਭਾ ਰੋਡ, ਪਟਿਆਲਾ ।	ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ	3.65 ਏਕੜ	20.96
			ਕੁੱਲ ਰਕਮ	20.96

ਨੋਟ : ਲੜੀ ਨੰ. 8 ਸੰਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਸਾਈਟ 85%

ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਅਤੇ 15% ਪੀ.ਡੀ.ਏ., ਸ਼ੇਅਰ ਅਧੀਨ ਵੇਚੀ ਗਈ ਹੈ ।

(ਅ) ਪੁੱਡਾ ਵੱਲੋਂ Optimum Utilization of Vacant Govt. Land (ਓ.ਯੂ.ਵੀ.ਜੀ.ਐਲ.) ਸਕੀਮ ਅਧੀਨ ਵੇਚੀਆਂ ਗਈਆਂ ਸਰਕਾਰੀ ਜਾਇਦਾਦਾਂ ਤੋਂ ਪ੍ਰਾਪਤ ਰਕਮ ਪੁੱਡਾ ਵੱਲੋਂ ਮੈਨੇਜ ਕੀਤੇ ਜਾ ਰਹੇ ਸਪੈਸ਼ਲ ਫੰਡ ਵਿੱਚ ਰੱਖੀ ਜਾਂਦੀ ਹੈ । ਇਹ ਓ.ਯੂ.ਵੀ.ਜੀ.ਐਲ. ਸਕੀਮ ਦੇ ਉਪਬੰਧਾਂ ਅਨੁਸਾਰ ਪੰਜਾਬ ਰਾਜ ਵਿੱਚ ਇਨਫਰਾਸਟਰਕਚਰ ਡਿਵੈਲਪਮੈਂਟ ਦੇ ਕੰਮਾਂ ਲਈ ਵਰਤੀ ਜਾਂਦੀ ਹੈ ।

ਕੰਢੀ ਏਰੀਏ ਵਿੱਚ ਅਵਾਰਾ ਪਸ਼ੂਆਂ ਦੀ ਭਰਮਾਰ

***137 ਸ਼੍ਰੀਮਤੀ ਸੁਖਜੀਤ ਕੌਰ ਸਾਹੀ :-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਭਾਗ ਕੰਡੀ ਏਰੀਏ ਵਿੱਚ ਅਵਾਰਾ ਪਸ਼ੂਆਂ ਕਾਰਨ ਹਰ ਰੋਜ਼ ਵਾਪਰ ਦੇ ਸੜਕ ਹਾਦਸਿਆਂ ਅਤੇ ਫ਼ਸਲਾਂ ਆਦਿ ਦੇ ਨੁਕਸਾਨ ਦੇ ਮੱਦੇਨਜ਼ਰ ਇਨ੍ਹਾਂ ਦੀ ਦਿਨ ਪ੍ਰਤੀ ਦਿਨ ਵਧਦੀ ਅਬਾਦੀ ਤੇ ਰੋਕ ਲਗਾਉਣ ਲਈ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ?

ਸਰਦਾਰ ਗੁਲਜਾਰ ਸਿੰਘ ਰਣੀਕੇ :- ਮਾਨਯੋਗ ਮੰਤਰੀ ਪ੍ਰੀਸ਼ਦ ਦੀ ਮਿਤੀ 23.9.2014 ਨੂੰ ਹੋਈ ਮੀਟਿੰਗ ਵਿੱਚ ਪੰਜਾਬ ਰਾਜ ਦੇ ਹਰ ਜ਼ਿਲ੍ਹੇ ਵਿੱਚ ਲਗਭੱਗ 25 ਏਕੜ ਪੰਚਾਇਤੀ ਜ਼ਮੀਨ ਤੇ ਇੱਕ-ਇੱਕ ਕੈਟਲ ਪੌਂਡ ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ ਜਾ ਚੁੱਕਾ ਹੈ ਅਤੇ ਹਰ ਇੱਕ ਕੈਟਲ ਪੌਂਡ ਵਿਚ ਤਕਰੀਬਨ 2000 ਜਾਨਵਰ ਰੱਖਣ ਦੀ ਸਮਰੱਥਾ ਹੋਵੇਗੀ। ਇਸ ਸਬੰਧ ਵਿੱਚ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ 'ਪਸ਼ੂ ਭਲਾਈ ਸੋਸਾਇਟੀ' ਦਾ ਗਠਨ ਕੀਤਾ ਜਾ ਚੁੱਕਾ ਹੈ ਅਤੇ ਕੈਟਲ ਪੌਂਡ ਬਣਾਉਣ ਅਤੇ ਚਲਾਉਣ ਹਿੱਤ ਲੋੜੀਂਦੀ ਕਾਰਵਾਈ ਜਾਰੀ ਹੈ।

ਜਨਤਕ ਵੰਡ ਪ੍ਰਣਾਲੀ ਅਧੀਨ ਲਾਇਸੰਸ ਦੇਣਾ।

142. ਸ਼੍ਰੀਮਤੀ ਅਰੁਨਾ ਚੌਧਰੀ : ਕੀ ਖੁਰਾਕ ਅਤੇ ਸਿਵਲ ਸਪਲਾਈ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਜਨਤਕ ਵੰਡ ਪ੍ਰਣਾਲੀ ਦੇ ਅਧੀਨ ਲਾਇਸੰਸ ਅਥਾਰਟੀ, ਨਿਯੁਕਤੀ ਅਤੇ ਸਜ਼ਾ ਦੇਣ ਅਤੇ ਅਪੀਲ ਕਰਨ ਸਬੰਧੀ ਅਥਾਰਟੀ ਕਿਹੜੀ ਹੈ?

ਅ) ਡਿਪੂ ਹੋਲਡਰਾਂ ਦੀ ਸਮੇ-ਸਮੇਂ ਤੇ ਚੈਕਿੰਗ ਸਬੰਧੀ ਨਿਯਮ/ਹਦਾਇਤਾਂ ਕੀ ਕੀ ਹਨ ਅਤੇ ਇਸ ਸਬੰਧੀ ਕਿਸ ਅਥਾਰਟੀ ਨੂੰ ਅਖਤਿਆਰ ਦਿਤਾ ਗਿਆ ਹੈ;

ੲ) ਹਲਕਾ ਦੀਨਾਨਗਰ ਵਿਚ ਸਾਲ 1-4-2007 ਤੋ ਹੁਣ ਤੱਕ ਸਮੇਂ-ਸਮੇਂ ਤੇ ਕੀਤੇ ਗਏ ਅਜਿਹੇ ਮੁਆਇਨੇ, ਚੈਕਿੰਗ ਅਤੇ ਡਿਫਾਲਟਰਾਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਉਤਰ : (ੳ) ਜਨਤਕ ਵੰਡ ਪ੍ਰਣਾਲੀ ਅਧੀਨ ਰਾਸ਼ਨ ਡਿਪੂਆਂ ਦੇ ਲਾਇਸੰਸ ਜਾਰੀ ਕਰਨ ਲਈ ਲਾਇਸੰਸਿੰਗ ਅਥਾਰਟੀ ਸਬੰਧਤ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਹੁੰਦਾ ਹੈ। ਡਿਪੂ ਹੋਲਡਰਾਂ ਵੱਲੋ ਕਿਸੇ ਕਿਸਮ ਦੀ ਊਣਤਾਈ ਦੀ ਸੂਰਤ ਵਿੱਚ ਸਜ਼ਾ ਦੇਣ ਸਬੰਧੀ ਅਥਾਰਟੀ ਵੀ ਸਬੰਧਤ ਜਿਲਾ ਕੰਟਰੋਲਰ ਹੁੰਦਾ ਹੈ। ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਦੇ ਹੁਕਮਾਂ ਵਿਰੁੱਧ ਮਾਨਯੋਗ ਡਾਇਰੈਕਟਰ ਖੁਰਾਕ ਤੇ ਸਪਲਾਈ ਜੀ ਪਾਸ ਅਪੀਲ ਕੀਤੀ ਜਾ ਸਕਦੀ ਹੈ।

ਅ) ਡਿਪੂ ਹੋਲਡਰਾਂ ਦੀ ਚੈਕਿੰਗ ਸਬੰਧੀ ਨਿਯਮ/ਹਦਾਇਤਾਂ ਦੀ ਕਾਪੀ ਨੱਥੀ ਕੀਤੀ ਜਾਂਦੀ ਹੈ। (ਅਨੁਲੱਗ ੳ)

ੲ) ਹਲਕਾ ਦੀਨਾਨਗਰ ਵਿਚ ਸਾਲ 1-4-2007 ਤੋ ਹੁਣ ਤੱਕ ਕੀਤੇ ਗਏ ਮੁਆਇਨੇ, ਚੈਕਿੰਗਾਂ ਅਤੇ ਡਿਫਾਲਟਰਾਂ ਵਿਰੁੱਧ ਕੀਤੀ ਕਾਰਵਾਈ ਦੇ ਵੇਰਵੇ ਹੇਠ ਅਨੁਸਾਰ ਹਨ:

ਲੜੀ ਨੰ.	ਸਾਲ	ਚੈਕ ਕੀਤੇ ਡਿਪੂਆਂ ਦੀ ਗਿਣਤੀ	ਜਿਨ੍ਹਾਂ ਡਿਪੂਆਂ ਤੇ ਕਾਰਵਾਈ ਕੀਤੀ, ਉਨਾਂ ਦੀ ਗਿਣਤੀ
1	2007	49	8
2	2008	426	14
3	2009	91	21
4	2010	77	2

5	2011	89	1
6	2012	263	1
7	2013	122	3
8	2014	266	16

ਵਲੋਂ

ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰ (ਫੀਲਡ) ਅਤੇ ਜ਼ਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਲ ਮਾਮਲੇ,
ਪੰਜਾਬ ਰਾਜ ਵਿਚ।

ਮੀਮੋ ਨੰ: **2ਖਵ(143)-80/2053**
ਮਿਤੀ, ਚੰਡੀਗੜ੍ਹ 10.10.2008

ਵਿਸ਼ਾ: ਸਸਤੇ ਰਾਸ਼ਨ ਦੀਆਂ ਦੁਕਾਨਾਂ ਦੀਆਂ ਨਿਯਮਿਤ ਪੜਤਾਲਾਂ ਸਬੰਧੀ।

ਹਵਾਲਾ, ਮੁੱਖ ਦਫਤਰ ਦਾ ਮੀਮੋ ਨੰ: 2ਖਵ(3)(143)-2007/369 ਮਿਤੀ 09.02.2007, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

(2) ਹਵਾਲੇ ਅਧੀਨ ਪੱਤਰ ਰਾਹੀਂ ਸਸਤੇ ਰਾਸ਼ਨ ਦੀਆਂ ਦੁਕਾਨਾਂ ਦੀਆਂ ਨਿਯਮਿਤ ਚੈਕਿੰਗਾਂ ਲਈ ਨਿਰਧਾਰਤ ਮਹੀਨਾਵਾਰ ਨਾਰਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ।

ਅਧਿਕਾਰੀ ਕਰਮਚਾਰੀ ਦਾ	ਪੜਤਾਲ ਕੀਤਆਂ ਜਾਣ ਵਾਲੀਆਂ ਸਸਤੇ ਰਾਸ਼ਨ ਦੀਆਂ ਦੁਕਾਨਾਂ ਦੀ ਗਿਣਤੀ			ਵਿਸ਼ੇਸ਼ ਕਥਨ
	ਪੇਂਡੂ	ਸ਼ਹਿਰੀ	ਕੁੱਲ	
ਡੀ.ਡਾ.(ਫੀਲਡ)	3	3	6	ਇਹ ਚੈਕਿੰਗਾਂ ਵੱਖ ਵੱਖ ਜ਼ਿਲਿਆਂ ਵਿਚ ਕੀਤੀਆਂ ਜਾਣ ਅਤੇ ਇਨ੍ਹਾਂ ਵਿਚੋਂ 3 ਚੈਕਿੰਗਾਂ ਹੇਠਲੇ ਅਮਲੇ ਵਲੋਂ ਕੀਤੀਆਂ ਚੈਕਿੰਗਾਂ ਦੀ ਸੁਰਇੰਸਪੈਕਸ਼ਨ ਵਜੋਂ

				ਕੀਤਆਂ ਜਾਣ। ਇਸ ਤੋਂ ਇਲਾਵਾ ਹੇਠਲੇ ਅਮਲੇ ਦੀਆਂ ਪੜਤਾਲਾਂ ਦੀਆਂ ਰਿਪੋਰਟਾਂ ਵਿਚੋਂ ਕੋਈ ਵੀ 10 ਰਿਪੋਰਟਾਂ ਚੈਕ/ਤਸਦੀਕ ਕਰਕੇ ਮੁੱਖ ਦਫਤਰ ਭੇਜਿਆਂ ਜਾਣ, ਕਿ ਇਹ ਹਦਾਇਤਾਂ ਅਨੁਸਾਰ ਕੀਤਆਂ ਗਈਆਂ ਹਨ।
ਜ਼ਿ.ਖ.ਸ.ਕੰ.	2	2	4	ਇਨ੍ਹਾਂ ਵਿਚੋਂ 2 ਚੈਕਿੰਗਾਂ ਹੇਠਲੇ ਅਮਲੇ ਵਲੋਂ ਕੀਤੀਆਂ ਚੈਕਿੰਗਾਂ ਦੀ ਸੁਪਰਇੰਸਪੈਕਸ਼ਨ ਵਜੋਂ ਕੀਤੀਆਂ ਜਾਣ।
ਖ.ਸ.ਅ	5	3	8	ਇਨ੍ਹਾਂ ਵਿਚੋਂ 4 ਚੈਕਿੰਗਾਂ ਹੇਠਲੇ ਅਮਲੇ ਵਲੋਂ ਕੀਤਆਂ ਚੈਕਿੰਗਾਂ ਦੀ ਸੁਪਰਇੰਸਪੈਕਸ਼ਨ ਵਜੋਂ ਕੀਤੀਆਂ ਜਾਣ।
ਸ.ਖ.ਸ.ਅ	58	3	8	ਇਨ੍ਹਾਂ ਵਿਚੋਂ 4 ਚੈਕਿੰਗਾਂ ਹੇਠਲੇ ਅਮਲੇ ਵਲੋਂ ਕੀਤੀਆਂ ਚੈਕਿੰਗਾਂ ਦੀ ਸੁਪਰਇੰਸਪੈਕਸ਼ਨ ਵਜੋਂ ਕੀਤੀਆਂ ਜਾਣ।
ਨਿਰੀਖਕ ਗ੍ਰੇਡ-1	3	2	5	
ਨਿਰੀਖਕ ਗ੍ਰੇਡ-2	3	2	5	

i. ਇਹ ਚੈਕਿੰਗਾਂ ਮੁੱਖ ਦਫਤਰ ਵਲੋਂ ਮੀਮੋ ਨੰ: 2ਵਖ(143)-08/441-442 ਮਿਤੀ 08.02.2008 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੀਤੀਆਂ ਜਾਣ।

ii. ਹਰੇਕ ਸਸਤੇ ਰਾਸ਼ਨ ਦੀ ਦੁਕਾਨ ਤੇ ਪੜਤਾਲ ਰਜਿਸਟਰ ਲਗਵਾਇਆ ਜਾਵੇ, ਜਿਸ ਵਿਚ ਪੜਤਾਲ ਕਰਨ ਵਾਲੇ ਅਧਿਕਾਰੀ/ਕਰਮਚਾਰੀ ਵਲੋਂ ਅੰਦਰਾਜ ਕੀਤੇ ਜਾਣ।

iii. ਇਹ ਮੁੜ ਤੋਂ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਰਮਚਾਰੀ ਦੇ ਅਧਿਕਾਰ ਖੇਤਰ ਵਿਚ ਪੇਂਡੂ/ਸ਼ਹੀਰੀ ਸਸਤੇ ਰਾਸ਼ਨ ਦੀਆਂ ਦੁਕਾਨਾਂ ਨਾ ਹੋਣ, ਤਾਂ ਉਸ ਵੱਲੋਂ ਆਪਣੇ ਖੇਤਰ ਵਿਚ ਪੈਂਦੀਆਂ ਸ਼ਹਿਰੀ/ਪੇਂਡੂ ਦੁਕਾਨਾਂ ਦੀਨਿਰਧਾਰਤ ਨਾਰਮ ਅਨੁਸਾਰ ਕੁੱਲ ਚੈਕਿੰਗਾਂ ਕੀਤੀਆਂ ਜਾਣ।

iv. ਖਰੀਦ ਦੇ ਸੀਜ਼ਨ ਦੌਰਾਨ, ਨਿਰਧਾਰਤ ਨਾਰਮ ਦੇ 50% ਦੇ ਬਰਾਬਰ ਚੈਕਿੰਗਾਂ ਕੀਤੀਆਂ ਜਾਣ।

v. ਪਹਿਲੀ ਵਾਰ ਪੜਤਾਲਾਂ ਵਿਚ ਕਮੀ/ਊਣਤਾਈ ਪਾਏ ਜਾਣ ਤੇ ਤਾੜਨਾ, ਦੂਸਰੀ ਵਾਰ ਕਾਰਣ ਦੱਸੋ ਨੋਟਿਸ ਅਤੇ ਤੀਸਰੀ ਵਾਰ ਚਾਰਜ ਸ਼ੀਟ ਦੀ ਸਜ਼ਾ ਦਿੱਤੀ ਜਾਵੇਗੀ। ਇਹ ਤਿੰਨ ਮੌਕੇ ਇੱਕ ਸਾਲ ਦੀ ਮਿਆਦ ਵਿਚ ਗਿਣੇ ਜਾਣਗੇ।

vi. ਸਮੂਹ ਸਸਤੇ ਰਾਸ਼ਨ ਦੀਆਂ ਦੁਕਾਨਾਂ ਦੀ ਨਿਯਮਿਤ ਚੈਕਿੰਗ ਨੂੰ ਯਕੀਨੀ ਬਣਾਉਣ ਲਈ ਹਰ ਮਹੀਨੇ ਵੱਖਰੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਜਾਵੇ।

vii. ਕਿਸੇ ਇੱਕ ਮਹੀਨੇ ਦੌਰਾਨ ਕੀਤੀਆਂ ਗਈਆਂ ਚੈਕਿੰਗਾਂ ਦੀ ਰਿਪੋਰਟ, ਮੁੱਖ ਦਫਤਰ ਵੱਲੋਂ ਮੀਮੋਂ ਨੰ: 2ਵਖ(143)2007/2137-38 ਮਿਤੀ 10.09.2007 ਰਾਹੀਂ ਜਾਰੀ ਪ੍ਰੋਫਾਰਮੇ ਵਿਚ, ਅਗਲੇ ਮਹੀਨੇ ਦੀ 10 ਤਾਰੀਖ ਤਕ ਮੁੱਖ ਦਫਤਰ ਭੇਜਣੀ ਯਕੀਨੀ ਬਣਾਈ ਜਾਵੇ। ਨਿਰਧਾਰਤ ਪ੍ਰੋਫਾਰਮੇ ਵਿਚ ਨਾ ਹੋਣ ਤੇ ਸੂਚਨਾ ਪ੍ਰਵਾਨ ਨਹੀਂ ਕੀਤੀ ਜਾਵੇਗੀ।

viii. ਮਿੱਥੀ ਮਿਤੀ ਤੱਕ ਚੈਕਿੰਗਾਂ ਸਬੰਧੀ ਰਿਪੋਰਟ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਵਿਰੁਧ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ix. ਹਰ ਮਹੀਨੇ ਕੀਤੀਆਂ ਗਈਆਂ ਪੜਤਾਲਾਂ ਦੀਆਂ ਰਿਪੋਰਟਾਂ ਵਿਚੋਂ ਕੋਈ 10 ਪੜਤਾਲ ਰਿਪੋਰਟਾਂ ਮੁੱਖ ਦਫਤਰ ਮੰਗਵਾਈਆਂ ਜਾ ਸਕਦੀਆਂ ਹਨ।

x. ਜੇਕਰ ਕਿਸੇ ਕਰਮਚਾਰੀ ਲਈ ਕੋਈ ਖਾਸ ਛੋਟ ਦੀ ਜਰੂਰਤ ਹੋਵੇ, ਤਾਂ ਕਾਰਣ ਦੱਸਦਿਆਂ ਹੋਇਆਂ ਪਹਿਲਾਂ ਪ੍ਰਵਾਨਗੀ ਲਈ ਜਾਵੇ।

3. ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਕੰਮ ਕਰਦੇ ਸਮੂਹ ਅਮਲੇ ਨੂੰ ਇਹ ਹਦਾਇਤਾਂ ਨੋਟ ਕਰਵਾਉਣੀਆਂ ਯਕੀਨੀ ਬਣਾਇਆ ਜਾਵੇ ਅਤੇ ਉਨ੍ਹਾਂ ਵੱਲੋਂ ਰਾਸ਼ਨ ਡੀਪੂਆਂ ਦੀਆਂ ਸ਼ਿਕਾਇਤਾਂ/ਰੈਗੂਲਰ ਚੈਕਿੰਗਾਂ ਦੀਆਂ ਪੜਤਾਲ ਰਿਪੋਰਟਾਂ ਉਕਤ ਅਨੁਸਾਰ ਹੀ ਪ੍ਰਵਾਨ ਕੀਤੀਆਂ ਜਾਣ

ਸਹੀ/-

ਡਿਪਟੀ ਡਾਇਰੈਕਟਰ (ਖੁਰਾਕ ਵੰਡ)

ਵਾ: ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼

ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8612/03-2015(5)